# ਕਾਫ਼ਲੇ ਦੇ ‘ਕਵਿਤਾ ਦਿਵਸ’ ਵਿੱਚ ਪੜ੍ਹੇ ਗਏ ਪਰਚਿਆਂ ਨੇ ਚਰਚਾ ਛੇੜੀ

## ਸੱਜੇ-ਪੱਖੀ/ਖੱਬੇ-ਪੱਖੀ ਸਾਹਿਤ ਬਾਰੇ ਭਖਵੀਂ ਗੱਲਬਾਤ ਹੋਈ

### ਵਰਿਆਮ ਸੰਧੂ ਅਤੇ ਉਂਕਾਰਪ੍ਰੀਤ ਵੱਲੋਂ ਸੁਰਿੰਦਰ ਭਾਰਤੀ ਅਤੇ ਡਾ. ਸੁਖਪਾਲ ਦੀ ਕਵਿਤਾ ਦਾ ਮੁਲਾਂਕਣ

ਮਿਸੀਸਾਗਾ-(ਕੁਲਵਿੰਦਰ ਖਹਿਰਾ) 31 ਜਨਵਰੀ ਦੀ ਦੁਪਹਿਰ ਨੂੰ ਸੰਤ ਸਿੰਘ ਸੇਖੋਂ ਹਾਲ ਵਿੱਚ ‘ਪੰਜਾਬੀ ਕਲਮਾਂ ਦਾ ਕਾਫਲਾ ਟਰਾਂਟੋ’ ਵੱਲੋਂ ਕਰਵਾਏ ਗਏ “ਕਵਿਤਾ ਦਿਵਸ” ਵਿੱਚ ਜਿੱਥੇ ਕਵੀ ਦਰਬਾਰ ਕਰਵਾਇਆ ਗਿਆ ਓਥੇ ਵਰਿਆਮ ਸਿੰਘ ਸੰਧੂ ਅਤੇ ਉਂਕਾਰਪ੍ਰੀਤ ਵੱਲੋਂ ਡਾ. ਸੁਖਪਾਲ ਦੇ ਕਾਵਿ ਸੰਗਹ੍ਰਿ ‘ਰਹਣੁ ਕਿਥਾਊ ਨਾਹਿ’ ਅਤੇ ਸੁਰਿੰਦਰ ਚਾਹਲ ਦੀ ਕਾਵਿ ਪੁਸਤਕ ‘ਕੁੰਜੀਆਂ’ ਬਾਰੇ ਪਰਚੇ ਪੜ੍ਹੇ ਗਏ। ਇਸ ਤੋਂ ਇਲਾਵਾ ਉਂਕਾਰਪ੍ਰੀਤ ਵੱਲੋਂ ਗ਼ਜ਼ਲ ਦੇ ਅਰੂਜ਼ ਬਾਰੇ ਵੀ ਪਰਚਾ ਪੜ੍ਹਿਆ ਗਿਆ।

ਸਮਾਗਮ ਦੇ ਸ਼ੁਰੂ ਵਿੱਚ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਗੁਰਦੇਵ ਚੌਹਾਨ, ਪਰਵੀਨ ਕੌਰ, ਕੁਲਦੀਪ ਕੌਰ ਗਿੱਲ, ਪਿਆਰਾ ਸਿੰਘ ਕੁੱਦੋਵਾਲ, ਪਰਮਜੀਤ ਢਿੱਲੋਂ, ਨਵਤੇਜ ਭਾਰਤੀ, ਵਰਿਆਮ ਸੰਧੂ, ਉਂਕਾਰਪ੍ਰੀਤ, ਡਾ. ਸੁਖਪਾਲ, ਅਫ਼ਜ਼ਾਲ ਨਵੀਦ, ਪਾਕਿਸਤਾਨ ਤੋਂ ਆਏ ਹੋਏ ਖਾਲਿਦ ਯਾਸਿਰ ਅਤੇ ਗੁਰਦਾਸ ਮਿਨਹਾਸ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

ਇਸ ਤੋਂ ਬਾਅਦ ਉਂਕਾਰਪ੍ਰੀਤ ਵੱਲੋਂ “ਗ਼ਜ਼ਲ ਅਤੇ ਉਸ ਦੀਆਂ ਖੁੱਲ੍ਹਾਂ” ਨਾਂ ਦਾ ਪਰਚਾ ਪੜ੍ਹਿਆ ਗਿਆ ਜਿਸ ਵਿੱਚ ਉਨ੍ਹਾਂ ਕਿਹਾ ਕਿ “ਕਾਵਿ-ਕਲਾ ਵਿੱਚ ਕਲਾਤਮਿਕ ‘ਸੰਜਮਤਾ’ ਅਤੇ ‘ਪ੍ਰਗਟਾਅ’ ਦਾ ਸਿਖਰ, “ਗ਼ਜ਼ਲ” ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਕਾਵਿ ਕਲਾ ਰਾਹੀਂ ਅੰਦਰਲੇ-ਨਾਦ ਤੀਕ ਪਹੁੰਚ ਵਾਸਤੇ “ਗ਼ਜ਼ਲ” ਦੀ ਵਿਧਾ ਸਭ ਤੋਂ ਉੱਤਮ, ਵਿਲੱਖਣ ਅਤੇ ਇੱਕੋ ਇੱਕ ਹੈ।” ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਗ਼ਜ਼ਲ ਵਿੱਚ ਖੁੱਲ੍ਹਾਂ ਦੀ ਵਕਾਲਤ ਕਰਦੇ ਹਨ ਜਦਕਿ ਅਜਿਹਾ ਕਰਨਾ ਕਿਸੇ ਕੁਦਰਤੀ ਵਹਾਅ ’ਚ ਖਲਲ ਪਾਉਣ ਵਾਂਗ ਹੈ। ਉਨ੍ਹਾਂ ਕਿਹਾ ਕਿ ਬਹਿਰ-ਵਜ਼ਨ ਜਾਂ ਆਰੂਜ਼ ਦੇ ਖਾਸੇ ਵਿੱਚ ਕਿਸੇ ਵੀ ਤਰ੍ਹਾਂ ਦੀ ਖੁੱਲ੍ਹ ਦੀ ਨਾ ਕਦੀ ਗੁੰਜਾਇਸ਼ ਹੋਈ ਹੈ ਅਤੇ ਨਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਗ਼ਜ਼ਲ ਦੀ ਬੰਦਿਸ਼ ਨਿਭਾਉਂਦਿਆਂ ਹੋਇਆਂ ਕਵੀ ਦਾ ਕਾਵਿ-ਫੁਰਨਾ ਅਕਾਵਿਕ ਹੋ ਜਾਂਦਾ ਹੈ ਜਦਕਿ ਹਕੀਕਤ ਇਹ ਹੈ ਕਿ ਜਦੋਂ ਕਵੀ ਗ਼ਜ਼ਲ ਦੇ ਸੁਭਾਅ ਨਾਲ਼ ਇਕ-ਮਿਕ ਹੋ ਜਾਂਦਾ ਹੈ ਤਾਂ ਫਿਰ “ਫਿਟ” ਹੋਣ ਲਈ/ਕਰਨ ਲਈ ਉਚੇਚ ਨਹੀਂ ਕਰਨਾ ਪੈਂਦਾ ਸਗੋਂ ਕਾਵਿ-ਫੁਰਨਾ ਆਪਣੇ-ਆਪ ਹੀ ਕਿਸੇ ਨਾ ਕਿਸੇ ਬਹਿਰ ਵਿੱਚ ਢਲ ਕੇ ਪੇਸ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਅਵਸਥਾ ਤੱਕ ਪਹੁੰਚਣ ਲਈ ਕਾਵਿ-ਸਾਧਨਾ ਦੀ ਲੋੜ ਹੁੰਦੀ ਹੈ ਕਵੀ ਨੂੰ ਵਿਸਥਾਰ ਦੇ ਭਾਰ ਤੋਂ ਮੁਕਤ ਅਤੇ ਸਿੱਖਣ ਲਈ ਤਿਆਰ ਹੋਣਾ ਪੈਂਦਾ ਹੈ।

ਇਸ ਪਰਚੇ ਬਾਰੇ ਬੋਲਦਿਆਂ ਗੁਰਦੇਵ ਚੌਹਾਨ ਨੇ ਸਵਾਲ ਕੀਤਾ ਕਿ ਗ਼ਜ਼ਲ ਨੂੰ ਕਿਸ ਆਧਾਰ ’ਤੇ ਸਭ ਤੋਂ ਅੱਗੇ ਦੀ ਸਿਨਫ ਕਿਹਾ ਜਾ ਸਕਦਾ ਹੈ ਜਦਕਿ ਇਸ ਦੇ ਹਰ ਸ਼ੇਅਰ ਵਿੱਚ ਖਿਆਲ ਦਾ ਬਦਲ ਹੁੰਦਾ ਹੈ ਅਤੇ ਕਵਿਤਾ ਇੱਕ ਖਿਆਲ ਨੂੰ ਨਿਭਾਉਂਦੀ ਹੈ। ਜਵਾਬ ਵਿਚ ਉਂਕਾਰਪ੍ਰੀਤ ਨੇ ਕਿਹਾ ਕਿ ਸਾਹਿਤ ਦੀਆਂ ਬਾਕੀ ਵਿਧਾਵਾਂ ਵਿਚ ਵਿਸਥਾਰ ਰਚਨਾ ਦੀ ਲੋੜ ਹੁੰਦਾ ਹੈ ਜਦਕਿ ਗ਼ਜ਼ਲ ਬਹੁਤ ਥੋੜ੍ਹੇ ਸ਼ਬਦਾਂ ਵਿਚ ਬਹੁਤ ਅਸਰਦਾਇਕ ਅਤੇ ਕਲਾਤਮਿਕ ਗੱਲ ਕਹਿ ਜਾਂਦੀ ਹੈ। ਨਵਤੇਜ ਭਾਰਤੀ ਹੁਰ੍ਹਾਂ ਨੇ ਕਿਹਾ ਕਿ ਗ਼ਜ਼ਲ ਵਿੱਚ ਖਿਆਲ ਦੀ ਖੁੱਲ੍ਹ ਹੋਣ ਕਰਕੇ ਹੀ ਅੰਗ੍ਰੇਜ਼ੀ ਲੇਖਕਾਂ ਵਿੱਚ ਇਹ ਵਿਧਾ ਪ੍ਰਚਲਤ ਹੋ ਰਹੀ ਹੈ ਪਰ ਕੁਦਰਤੀ ਰਿਦਮ ਨੂੰ ਅਰੂਜ਼ ਦੀਆਂ 72 ਵੰਨਗੀਆਂ ‘ਚ ਬੰਨ੍ਹਣਾ ਕੁਦਰਤ ਦੇ ਵਰਤਾਰੇ ਨੂੰ ਸੰਕੋਚਣ ਵਾਂਗ ਹੈ। ਸੁਖਪਾਲ ਨੇ ਕਿਹਾ ਕਿ ਗ਼ਜ਼ਲ ਦੀ ਵੱਡੀ ਮਜਬੂਰੀ ਇਹ ਹੈ ਕਿ ਇਸ ਵਿੱਚ ਖਿਆਲ ਦਾ ਦੁਹਰਾਅ ਬਹੁਤ ਹੁੰਦਾ ਹੈ। ਯਾਸਿਰ ਸਾਹਿਬ ਨੇ ਕਿਹਾ ਕਿ ਉਰਦੂ ਗ਼ਜ਼ਲ ਵਿੱਚ ਪਿਛਲੇ 300 ਸਾਲਾਂ ਤੋਂ ਸਾਕੀ-ਪੈਮਾਨਾ ਹੀ ਭਾਰੂ ਰਹੇ ਹਨ ਅਤੇ ਫੈਜ਼ ਅਹਿਮਦ ਫ਼ੈਜ਼ ਤੋਂ ਬਾਅਦ ਗ਼ਜ਼ਲ ਦਾ ਮੁਹਾਂਦਰਾ

ਬਦਲਿਆ ਹੈ। ਵਰਿਆਮ ਸੰਧੂ ਹੁਰਾਂ ਕਿਹਾ ਕਿ ਦਰ-ਅਸਲ ਲੇਖਕ ਵੱਲੋਂ ਵਸਤੂ ਦੀ ਚੋਣ ਅਤੇ ਇਸ ਪਿੱਛੇ ਲੇਖਕ ਦਾ ਨਜ਼ਰੀਆ ਹੀ ਲਿਖਤ ਦੀ ਵਿਧਾ ਨੂੰ ਨਿਰਧਾਰਿਤ ਕਰਦਾ ਹੈ।

ਡਾ. ਸੁਖਪਾਲ ਦੀ ਕਿਤਾਬ, 'ਰਹਣੁ ਕਿਥਾਊ ਨਾਹਿ' ਬਾਰੇ ਬੋਲਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਸੁਖਪਾਲ ਦੀ ਕਵਿਤਾ ਸਿਰਫ ਪੰਜਾਬੀ ਦੀ ਹੀ ਕਵਿਤਾ ਨਹੀਂ ਸਗੋਂ ਵਿਸ਼ਵ ਦੀ ਕਵਿਤਾ ਹੈ ਜਿਸ ਵਿੱਚ ਸਾਰੇ ਸੰਸਾਰ ਦੇ ਮਸਲਿਆਂ ਦਾ ਜ਼ਿਕਰ ਹੈ। ਉਨ੍ਹਾਂ ਕਿਹਾ ਕਿ ਬਾਬੇ ਨਾਨਕ ਵਰਗੇ ਆਪਣੇ ਪੁਰਖਿਆਂ ਤੋਂ ਸਿੱਖੀ ਹੋਈ ਸ਼ਾਬਦਿਕ ਲੜਾਈ ਸਦਕਾ ਸੁਖਪਾਲ ਇਨ੍ਹਾਂ ਵਡੇਰਿਆਂ ਤੋਂ ਲਏ ਹੋਏ ਸ਼ਬਦਾਂ ਨਾਲ਼ 'ਹੁਣ' ਦੇ ਬਾਬਰਾਂ ਨਾਲ਼ ਲੜਦੀ ਹੋਈ ਕਵਿਤਾ ਲਿਖ ਰਿਹਾ ਹੈ। ਸੁਖਪਾਲ ਦੀ ਕਵਿਤਾ ਨੂੰ 'ਜ਼ਿੰਦਗੀ ਦੇ ਖਿੜਦੇ ਰੰਗਾਂ ਨੂੰ ਮਾਨਣ ਲਈ' ਮਾਹੌਲ ਤਿਆਰ ਕਰਦੀ ਕਵਿਤਾ ਦੱਸਦਿਆਂ ਵਰਿਆਮ ਸੰਧੂ ਹੁਰਾਂ ਕਿਹਾ ਕਿ ਸੁਖਪਾਲ ਨਾ-ਧਿਰਿਆਂ ਦੀ ਧਿਰ ਬਣਕੇ ਜੂਝਣ ਦਾ ਐਲਾਨ ਕਰਦਾ ਹੈ। ਧਾਰਮਿਕ ਪਰਿਪੇਖ ਤੋਂ ਸੁਖਪਾਲ ਦੀ ਕਵਿਤਾ ਨੂੰ ਵਿਚਾਰਦਿਆਂ ਉਨ੍ਹਾਂ ਕਿਹਾ ਕਿ ਅਸੀਂ 'ਭਗਾਉਤੀ' ਨੂੰ ਸਿਮਰਨ ਦੇ ਜੋਸ਼ ਵਿੱਚ, 'ਸੰਤ' ਨੂੰ ਬਹੁਤ ਪਿੱਛੇ ਛੱਡ ਆਏ ਹਾਂ ਅਤੇ ਬਦਲਾ ਲੈਣ ਵਿੱਚ ਫ਼ਖਰ ਮਹਿਸੂਸ ਕਰਨ ਲੱਗ ਪਏ ਹਾਂ ਜਦਕਿ ਸੁਖਪਾਲ ਦੀ ਕਵਿਤਾ ਸਾਡੇ ਅੰਦਰ ਸੁੱਤੇ ਹੋਏ 'ਸੰਤ' ਨੂੰ ਜਗਾ ਕੇ ਉਸ ਨੂੰ ਤਲਵਾਰ ਦੀ ਜਗ੍ਹਾ ਮਲ੍ਹਮ ਦੀ ਡੱਬੀ ਫੜਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ 'ਸ਼ਹੀਦ' ਹੋਣ ਜਾਂ ਮਰ ਜਾਣ ਨੂੰ ਪਹਿਲ ਦੇਣ ਦੀ ਰੁਚੀ ਨੇ ਜ਼ਿੰਦਗੀ ਦੀ ਖ਼ੂਬਸੂਰਤੀ ਵੱਲੋਂ ਸਾਡੀਆਂ ਅੱਖਾਂ ਬੰਦ ਕਰ ਦਿੱਤੀਆਂ ਹਨ ਅਤੇ ਅਸੀਂ ਇਹ ਸਮਝਣ ਤੋਂ ਅਸਮਰੱਥ ਹੋ ਗਏ ਹਾਂ ਕਿ ਅਸੀਂ ਸ਼ਹੀਦ ਨਹੀਂ ਹੋ ਰਹੇ ਸਗੋਂ ਝਟਕੇ ਜਾ ਰਹੇ ਹਾਂ ਜਾਂ ਝਟਕਾਏ ਜਾ ਰਹੇ ਹਾਂ ਜਿਸ ਦੇ ਉਲਟ ਸੁਖਪਾਲ ਸ਼ਹੀਦੀ ਦੇ ਇਸ ਰੋਮਾਂਸ ਦਾ ਉਛਾੜ ਪਾੜਦਾ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਦੀ ਕਵਿਤਾ ਬਘਿਆੜਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੱਕਦੀ ਹੈ ਅਤੇ ਬੇਕਿਰਕ ਚੁੱਪ ਦੇ ਖਿਲਾਫ ਐਲਾਨੇ-ਜੰਗ ਕਰਦੀ ਹੈ।

ਸੁਰਿੰਦਰ ਭਾਰਤੀ ਦੀ ਕਿਤਾਬ 'ਕੁੰਜੀਆਂ' ਬਾਰੇ ਬੋਲਦਿਆਂ ਵਰਿਆਮ ਸੰਧੂ ਨੇ ਕਿਹਾ ਕਿ ਇਹ ਕਵਿਤਾ ਸੂਖਮ ਅਹਿਸਾਸ ਦੀ ਕਵਿਤਾ ਹੈ ਜੋ ਜਾਨਣ ਨਾਲ਼ੋਂ ਵੱਧ ਮਾਣੇ ਜਾਣ ਲਈ ਹੈ---ਜੋ ਚਾਲ਼ੀ-ਪੰਜਾਹ ਸਾਲ ਪਹਿਲਾਂ ਦੇ ਪਿੰਡ ਦਾ ਚਿਤਰਣ ਕਰਦੀ ਹੈ --- ਜਿਸ ਵਿੱਚ ਮੇਰੇ ਪਿੰਡ ਨੂੰ ਆਤਮੀਅਤ ਨਾਲ ਵੇਖਿਆ ਗਿਆ ਹੈ ਅਤੇ ਏਨੀ ਮੁਹੱਬਤ ਨਾਲ਼ ਪੇਸ਼ ਕੀਤਾ ਗਿਆ ਹੈ---ਜਿਸ ਦੀ ਮੈਂ ਕਿਸੇ ਸ਼ਾਇਰ ਨਾਲ਼ ਤੁਲਨਾ ਤਾਂ ਨਹੀਂ ਕਰਦਾ ਪਰ ਜਿਸ ਨੇ ਮੈਨੂੰ ਵਾਰਿਸ, ਪੂਰਨ ਸਿੰਘ, ਧਨੀਰਾਮ ਚਾਤ੍ਰਿਕ, ਸ਼ਿਵ ਅਤੇ ਗਿਆਨੀ ਗੁਰਦਿੱਤ ਸਿੰਘ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉਨ੍ਹਾਂ ਕਿਹਾ ਕਿ 'ਕੁੰਜੀਆਂ' ਵਿਚਲੀ ਕਵਿਤਾ ਨਿਰ-ਉਚੇਚ ਅਤੇ ਸਹਿਜ ਨਾਲ਼ ਲਿਖੀ ਗਈ ਕਵਿਤਾ ਹੈ ਜੋ 'ਚੱਲ-ਚਿਤ੍ਰ' ਵਰਗੀ ਹੈ---ਜਿਸ ਵਿੱਚ ਇੱਕ-ਬਾਅਦ-ਇੱਕ ਚਿਤ੍ਰ ਬਦਲਦਾ ਤੁਰਿਆ ਜਾਂਦਾ ਹੈ ਅਤੇ ਜਿਸ ਨੂੰ 'ਦ੍ਰਿਸ਼-ਕਾਵਿ' ਕਿਹਾ ਜਾ ਸਕਦਾ ਹੈ। ਵਰਿਆਮ ਸੰਧੂ ਨੇ ਕਿਹਾ ਕਿ ਭਾਂਵੇਂ 'ਕੁੰਜੀਆਂ ਵਿਚਲੀ ਕਵਿਤਾ ਵਿੱਚ ਸੁਰਿੰਦਰ ਚਾਹਲ ਨੇ ਜ਼ਿੰਦਗੀ ਨੂੰ ਔਰਤ ਦੀ ਨਜ਼ਰ ਨਾਲ਼ ਹੀ ਵੇਖਣ ਦੀ ਕੋਸ਼ਿਸ਼ ਕੀਤੀ ਹੈ ਪਰ, "ਔਰਤ ਹੋਣ ਦਾ ਉਹ ਸੰਤਾਪ ਇਸ ਕਵਿਤਾ ਦੀ ਜ਼ਿੰਮੇਵਾਰੀ ਨਹੀਂ, ਜਿਸ ਸੰਤਾਪ ਨੂੰ ਹੋਰ ਔਰਤ ਤੇ ਮਰਦ ਲੇਖਕਾਂ ਨੇ ਜ਼ਬਾਨ ਦਿੱਤੀ ਹੈ। ਇਸ ਪੱਖੋਂ ਵੀ ਇਹ ਕਵਿਤਾ ਵੱਖਰੀ ਹੈ।"

ਪਰਵੀਨ ਕੌਰ ਨੇ ਵਰਿਆਮ ਸੰਧੂ ਦੇ ਵਿਚਾਰਾਂ ਬਾਰੇ ਪ੍ਰਤੀਕਰਮ ਕਰਦਿਆਂ ਕਿਹਾ ਉਨ੍ਹਾਂ ਨੇ ਸੁਰਿੰਦਰ ਚਾਹਲ ਦੀ ਕਵਿਤਾ ਨੂੰ ਛੁਟਿਆ ਕੇ ਪੇਸ਼ ਕੀਤਾ ਹੈ ਜਿਸ ਨਾਲ਼ ਔਰਤ ਵਰਗ ਦਾ ਨਿਰਾਦਰ ਹੋਇਆ ਹੈ। ਇਸ ਦੇ ਜਵਾਬ ਵਿੱਚ ਬੋਲਦਿਆਂ ਬਲਬੀਰ ਕੌਰ ਸੰਘੇੜਾ ਨੇ ਕਿਹਾ ਕਿ ਭਾਂਵੇਂ ਵਰਿਆਮ ਸੰਧੂ ਦੇ ਪੇਪਰ ਦੀਆਂ ਪਹਿਲੀਆਂ ਲਾਈਨਾਂ ਤੋਂ ਉਨ੍ਹਾਂ ਨੂੰ ਵੀ ਪਰਵੀਨ ਕੌਰ ਵਾਂਗ ਹੀ ਸ਼ੰਕਾ ਹੋਇਆ ਸੀ ਪਰ ਸਮੁੱਚੇ ਪੇਪਰ ਨੂੰ ਸੁਣਨ ਤੋਂ ਬਾਅਦ ਉਨ੍ਹਾਂ ਦਾ ਉਹ ਸ਼ੰਕਾ ਦੂਰ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਮਹਿਸੂਸ ਹੋਇਆ ਹੈ ਵਰਿਆਮ ਸੰਧੂ ਨੇ ਬਿਲਕੁਲ ਸੁਰਿੰਦਰ ਚਾਹਲ ਦੀ ਕਿਤਾਬ ਨਾਲ਼ ਇਨਸਾਫ਼ ਕੀਤਾ ਹੈ।

ਉਂਕਾਰਪ੍ਰੀਤ ਨੇ ਯੂਟੋਪੀਆ/ਡਿਸਟੋਪੀਆ ਦੇ ਆਧਾਰ 'ਤੇ ਸੱਜੇ-ਪੱਖੀ ਅਤੇ ਖੱਬੇ-ਪੱਖੀ ਸਾਹਿਤ ਨੂੰ ਪ੍ਰੀਭਾਸ਼ਤ ਕਰਦਿਆਂ ਕਿਹਾ ਕਿਹਾ ਕਿ ਜਿੱਥੇ ਯੂਟੋਪੀਆ ਦਾ ਧੁਰਾ ਇੱਛਾ ਹੈ ਓਥੇ ਡਿਸਟੋਪੀਆ ਦਾ ਸਬੰਧ ਨਿੱਜੀ ਡਰ, ਫ਼ਿਕਰ ਅਤੇ ਗ਼ਮ ਨਾਲ਼ ਹੈ। ਉਨ੍ਹਾਂ ਕਿਹਾ ਕਿ ਬਾਬੇ ਫਰੀਦ ਦਾ ਸਲੋਕ "ਸਭੈ ਕੁੰਡਾਂ ਡਿਠੀਆਂ, ਰਹਣੁਕਿਥਾਊ ਨਾਹਿ" ਨਿੱਜੀ 'ਜੀਅ' ਦਾ ਡਿਸਟੋਪੀਆ ਹੈ। ਉਨ੍ਹਾਂ ਕਿਹਾ ਕਿ ਯੂਟੋਪੀਆ ਸਟੇਟ ਦੀ ਸਥਾਪਤੀ ਦੀ ਪ੍ਰੋੜਤਾ ਕਰਦਾ ਹੈ ਅਤੇ ਸਟੇਟ ਦੇ ਹੱਕ ਵਿੱਚ ਭੁਗਤਦੀ ਵਿਚਾਰਧਾਰਾ ਨੂੰ ਸੱਜੇ-ਪੱਖੀ ਕਿਹਾ ਜਾਂਦਾ ਹੈ ਜਦਕਿ ਅ-ਸਟੇਟ ਦੇ ਹੱਕ ਵਿੱਚ ਭੁਗਤਣ ਵਾਲ਼ੀ ਵਿਚਾਰਧਾਰਾ ਖੱਬੇ-ਪੱਖੀ ਵਿਚਾਰਧਾਰਾ ਅਖਵਾਉਂਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵਿਚਰ ਰਹੇ ਰਾਜਸੀ ਮਾਹੌਲ ਦੇ ਸਬੰਧ ਵਿੱਚ ਉਨ੍ਹਾਂ ਨੇ ਨਾਟੋ ਅਤੇ ਜੀ-੮ ਗਰੁੱਪਾਂ ਨੂੰ 'ਪੂੰਜੀਵਾਦ' ਦੇ ਹੱਕ ਵਿੱਚ ਭੁਗਤਦੇ ਯਟੋਪੀਆ ਦੀਆਂ ਉਦਾਹਰਣਾਂ ਦੱਸਿਆ। ਡਾ. ਸੁਖਪਾਲ ਦੇ ਕਾਵਿ ਸੰਗ੍ਰਹਿ 'ਰਹਣੁ ਕਿਥਾਊ ਨਾਹਿ' ਅਤੇ ਸੁਰਿੰਦਰ ਚਾਹਲ ਦੀ ਕਾਵਿ ਪੁਸਤਕ 'ਕੁੰਜੀਆਂ' ਦੇ

ਯੂਟੋਪੀਏ ਨੂੰ ਉਨ੍ਹਾਂ ਨੇ 'ਸੱਜੇ-ਪੱਖੀ' ਦੱਸਦਿਆਂ ਕਿਹਾ ਕਿ ਸੁਰਿੰਦਰ ਚਾਹਲ ਦੀ ਕਿਤਾਬ ਦੇ ਪਿਛਲੇ ਕਵਰ 'ਤੇ ਅਮਰਜੀਤ ਚੰਦਨ ਵੱਲੋਂ ਕਿਤਾਬ ਦੀ ਪ੍ਰਸੰਸਾ ਬਹੁਤ ਨਿਰਮੂਲ ਹੈ ਜਿਸ ਵਿੱਚ ਚੰਦਨ ਨੇ ਸੁਰਿੰਦਰ ਚਾਹਲ ਦੀ ਕਵਿਤਾ ਨੂੰ 'ਸੁਧੀ ਕਵਿਤਾ' ਅਤੇ 'ਕਲਾਸਿਕ ਰਚਨਾ' ਦਾ ਦਰਜ਼ਾ ਦਿੱਤਾ ਹੈ। ਉਂਕਾਰਪ੍ਰੀਤ ਨੇ ਕਿਹਾ ਕਿ 'ਸੁਧੀ ਕਵਿਤਾ' ਲਿਖੀ ਨਹੀਂ ਜਾ ਸਕਦੀ, ਸਿਰਫ ਮਹਿਸੂਸੀ ਜਾ ਸਕਦੀ ਹੈ ਜਦਕਿ ਕਿ ਸਮਕਾਲੀ ਸਾਹਿਤ ਨੂੰ 'ਕਲਾਸਿਕ ਸਾਹਿਤ' ਦਾ ਦਰਜ਼ਾ ਨਹੀਂ ਜਾ ਸਕਦਾ ਕਿਉਂਕਿ ਇਸ ਨੇ ਅਜੇ ਸਮੇਂ ਦੀ ਕਸਵੱਟੀ 'ਤੇ ਤੁੱਲਣਾ ਹੁੰਦਾ ਹੈ। ਇਸੇ ਹੀ ਤਰ੍ਹਾਂ ਚੰਦਨ ਵੱਲੋਂ ਸੁਰਿੰਦਰ ਚਾਹਲ ਦੀ ਕਵਿਤਾ ਨੂੰ 'ਸਰਦਲ ਤੋਂ ਬਾਹਰ ਦੀ ਕਵਿਤਾ' ਕਹੇ ਜਾਣ 'ਤੇ ਪ੍ਰਤੀਕਰਮ ਕਰਦਿਆਂ ਉਨ੍ਹਾਂ ਕਿਹਾ ਕਿ ਕੁੰਜੀਆਂ ਦੀ ਸਾਰੀ ਦੀ ਸਾਰੀ ਕਵਿਤਾ ਹੀ ਬੀਤੇ ਦੀ ਸਰਦਲ ਦਾ ਵਿਗੋਚਾ ਹੈ ਅਤੇ ਸਰਦਲ ਲਈ ਪ੍ਰਾਹੁਣੀਆਂ ਹੋ ਗਈਆਂ ਕੁੜੀਆਂ ਡੂੰਘੇ ਮਾਨਸਿਕ ਤਲ 'ਤੇ ਸਰਦਲ ਤੋਂ ਮੁਕਤ ਨਹੀਂ। ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਜਿਵੇਂ 'ਕੁੰਜੀਆਂ' ਦੀ ਕਵਿਤਾ 'ਪ੍ਰਾਹੁਣੀਆਂ' ਸਥਾਪਤੀ ਨੂੰ ਪ੍ਰਪੱਕ ਕਰਦੀ ਹੈ, ਅ-ਸਥਾਪਤੀ ਤੋਂ ਤ੍ਰਹਿੰਦੀ ਹੈ, ਉਵੇਂ ਹੀ ਸੁਖਪਾਲ ਦੀ ਪੁਸਤਕ ਤੇ ਪਿੱਠਬੰਦ ਵਜੋਂ ਪੇਸ਼ ਕਵਿਤਾ ''ਕੰਬਣੀ'' ਉਸਦੀ 'ਸੱਜੇ ਪੱਖੀ' ਵਿਚਾਰਧਾਰਾ ਤੇ 'ਅਡੋਲ' ਮੋਹਰ ਹੈ:

''ਕੰਬ ਰਿਹਾ ਹੈ

ਉਹ ਹੱਥ

ਜੋ ਕਵਿਤਾ ਲਿਖ ਰਿਹਾ ਹੈ

ਉਹ ਅੱਥਰੂ

ਜੋ ਕਵਿਤਾ ਤੱਕ ਰਿਹਾ ਹੈ

ਉਹ ਹਿਰਦਾ

ਜਿਸਦੀ ਇਹ ਪੀੜਾ ਹੈ

ਕਵਿਤਾ ਅਡੋਲ ਹੈ''

ਇਸ ਕਵਿਤਾ ਦੇ ਸੰਦਰਭ ਵਿੱਚ, ਉਂਕਾਰਪ੍ਰੀਤ ਨੇ ਸਵਾਲ ਕੀਤੇ ਕਿ ਫ਼ਿਰ 'ਅਜਿਹੀ ਕਵਿਤਾ', ''ਕੰਬ ਰਹੇ ਹੱਥ'' ਜਾਂ ''ਅੱਥਰੂ'' ਜਾਂ ''ਹਿਰਦੇ'' ਦੀ ਕੀ ਲੱਗਦੀ ਹੈ? ਜਾਂ ਫਿਰ ਸਮੁੱਚੇ ਰੂਪ ਵਿੱਚ ''ਕਵਿਤਾ'' ਦੀ ਹੀ ਕੀ ਲੱਗਦੀ ਹੈ? ਪਰ ਇਹਨਾਂ ਸਵਾਲਾਂ ਦੇ ਜੁਆਬ ਵਿੱਚ ਸੁਖਪਾਲ ਹੁਰਾਂ ਨੇ ਕੁਝ ਨਹੀਂ ਕਿਹਾ।

ਉਂਕਾਰਪ੍ਰੀਤ ਨੇ ਅੱਗੇ ਕਿਹਾ ਕਿ, ''ਸੁਖਪਾਲ, ਅਪਣੀਆਂ ਕਵਿਤਾਵਾਂ ਅਤੇ ਲੇਖਾਂ 'ਚ ਵਾਪਰ ਰਹੇ ਜਾਂ ਵਾਪਰ ਚੁੱਕੇ ਬਾਰੇ ''ਖਬਰਾਂ'' ਵਾਂਗ ਵਿਚਾਰ ਪੇਸ਼ ਕਰਦਾ ਹੈ। ਅੰਕੜੇ, ਤਾਰੀਖਾਂ, ਭਾਵੁਕ ਕਰਨੀਆਂ ਤਸਵੀਰਾਂ ਸਮੇਤ। ''ਪੰਜਾਬ'', ''ਅਕਾਲ ਤਖਤ'', ''ਗੁਜਰਾਤ'', ''ਕਸ਼ਮੀਰ'', ''ਹਾਸ਼ਮੀ'', ''ਇਰਾਕ'', ''ਆਮ ਬੰਦਾ'' 'ਚ ਉਹ ''ਆਮ ਬੰਦੇ'' ਦੇ ਸਥਾਪਿਤ /ਪ੍ਰਚੱਲਿਤ ਬਿੰਬਾਂ ਨੂੰ ਹੀ ਦੁਹਰਾਉਂਦਾ ਹੈ। ਇਵੇਂ ਕਰਕੇ ਉਹ ''ਆਮ ਬੰਦੇ'' ਨੂੰ ਧਰਮੀਆਂ ਵਲੋਂ ਪ੍ਰਚਾਰੇ ਜਾਂਦੇ ''ਭਾਣੇ'' 'ਚ ਦ੍ਰਿੜ ਕਰੀ ਜਾਣ ਤੋਂ ਵੱਧ ਕੁਝ ਨਹੀਂ ਕਰ ਰਿਹਾ।''

ਉਂਕਾਰਪ੍ਰੀਤ ਦਾ ਨਜ਼ਰੀਆ ਸੀ ਕਿ ਲੇਖਕ ਨੂੰ ਲਿਤਾੜੇ ਜਾ ਰਹੇ ਵਰਗ ਦੀ ਹਾਲਾਤ ਬਾਰ ਬਾਰ ਲਿਖ ਕੇ ਹੀ ''ਸੁਰਖਰੂ'' ਨਹੀਂ ਹੋ ਜਾਣਾ ਚਾਹੀਦਾ ਸਗੋਂ ਇਸ ਤ੍ਰਾਸਦੀ ਭਰੇ ਜਮੂਦ ਨੂੰ ਤੋੜਨ ਲਈ ਅਪਣੇ ਚਿੰਤਨ ਰਾਹੀਂ ਜੂਝਣਾ ਚਾਹੀਦਾ ਹੈ। ਇਸ ਦੇ ਜਵਾਬ ਵਿੱਚ ਵਰਿਆਮ ਸੰਧੂ ਨੇ ਕਿਹਾ ਕਿ ਇਹ ਸੁਖਪਾਲ ਦੀ ਕਵਿਤਾ ਦੇ ਸੱਜੇ-ਪੱਖੀ ਨਾ ਹੋਣ ਦੀ ਨਿਸ਼ਾਨੀ ਹੈ ਕਿ ਕੰਬ ਰਹੇ ਮਾਹੌਲ ਵਿੱਚ ਵੀ ਉਸ ਦੀ ਕਵਿਤਾ ਅਡੋਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਦੀ ਕਵਿਤਾ ਰਜ਼ਿਸਟੈਂਸ ਦੀ ਕਵਿਤਾ ਹੈ ਜਿਸ ਵਿੱਚ ਕਵਿਤਾ ਦੀਆਂ ਆਖਰੀ ਲਾਈਨਾਂ ਲੇਖਕ ਦੀ ਦ੍ਰਿਸ਼ਟੀ ਪੇਸ਼ ਕਰਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕੋਈ ਲੇਖਕ ਲੇਖਕ ਹੋਣ ਦੇ ਨਾਲ਼ ਨਾਲ਼ ਸੰਘਰਸ਼ ਵਿੱਚ ਵੀ ਹਿੱਸਾ ਪਾ ਸਕਦਾ ਹੈ ਤਾਂ ਧੰਨਭਾਗ ਪਰ ਜੇ ਇੱਕ ਪਾਸੇ ਹੀ ਕੰਮ ਕਰ ਸਕਦਾ ਹੈ ਤਾਂ ਕਰਨ ਦਿਉ।

ਗੁਰਦੇਵ ਚੌਹਾਨ ਨੇ ਕਿਹਾ ਕਿ ਸ਼ਾਇਦ ਉਂਕਾਰਪ੍ਰੀਤ ਦੀ ਪੜ੍ਹਤ ਵਿੱਚ ਹੀ ਕਿਤੇ ਗ਼ਲਤੀ ਰਹੀ ਹੈ ਜੋ ਉਹ ਸੁਖਪਾਲ ਦੀ ਕਵਿਤਾ ਨੂੰ ਸੱਜੇ-ਪੱਖੀ ਸਮਝ ਗਿਆ ਹੈ ਜਾਂ ਫਿਰ ਉਸ ਨੇ ਆਪਣੇ ਲੇਖ ਦਾ ਸਿਰਲੇਖ ਹੀ ਅਜਿਹਾ ਰੱਖ ਲਿਆ ਹੈ ਕਿ ਉਸ ਨੂੰ ਨਿਭਾਉਣ ਵਿੱਚ ਹੀ ਜ਼ੋਰ ਲਾ ਦਿੱਤਾ ਹੈ।

ਸੁਖਪਾਲ ਨੇ ਕਿਹਾ ਕਿ ਇਕੱਲਾ ਬੰਦਾ ਕਿੰਨਾ ਕੁ ਬਦਲਾਅ ਲਿਆ ਸਕਦਾ ਹੈ, ਪਰ ਉਹ ਚੀਕ ਤਾਂ ਮਾਰ ਸਕਦਾ ਹੈ। ਉਨ੍ਹਾਂ ਕਿਹਾ ਕਿ ਲੇਖਕ ਦਾ ਕੰਮ ਇਹ ਹਿਸਾਬ-ਕਿਤਾਬ ਕਰਨਾ ਨਹੀਂ ਹੁੰਦਾ ਕਿ ਉਸ ਦੇ ਕਾਰਜ ਨਾਲ਼ ਕੁਝ ਬਦਲਦਾ ਹੈ ਜਾਂ ਨਹੀਂ, ਉਸ ਦਾ ਕੰਮ ਤਾਂ ਆਪਣਾ ਕਾਰਜ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਸਾਹਿਤ ਨੂੰ ਕੁਝ ਸ਼ਬਦਾਂ ਨਾਲ਼ ਪ੍ਰੀਭਾਸ਼ਤ ਕਰਨਾ ਵੀ ਸਟੇਟ ਵਾਲ਼ੀ ਹੀ ਗ਼ਲਤੀ ਕਰਨ ਵਾਂਗ ਹੈ।

ਨਵਤੇਜ ਭਾਰਤੀ ਨੇ ਕਿਹਾ ਕਿ ਲੇਖਕ ਦਾ ਕੰਮ ਸਮਾਜ ਨੂੰ ਕੁਰੀਤੀਆਂ ਦਾ ਅਹਿਸਾਸ ਕਰਵਾਉਣਾ ਹੁੰਦਾ ਹੈ ਉਸ ਦੇ ਹੱਲ ਲੱਭਣਾ ਨਹੀਂ। ਅਪਣੀ ਦਲੀਲ ਦੀ ਪ੍ਰੋੜਤਾ 'ਚ

ਉਹਨਾਂ ਮਿਸਾਲ ਦਿੰਦਿਆਂ ਕਿਹਾ ਕਿ “ਮੰਟੋ” ਦਾ ਕਹਿਣਾ ਸੀ ਕਿ ਉਹ ਤਾਂ ਰਾਹ ਵਿੱਚ ਤੁਰਿਆਂ ਜਾਂਦਿਆਂ ਜਿੱਥੇ ਕਿਤੇ ਗੰਦਗੀ ਵੇਖਦਾ ਹੈ ਉਸ ਨੂੰ ਸਾਫ਼ ਨਹੀਂ ਕਰਦਾ ਸਗੋਂ ਉਸ ਵਿੱਚ ਰੋੜਾ ਮਾਰਦਾ ਹੈ ਤਾਂ ਕਿ ਓਥੋਂ ਲੰਘ ਰਹੇ ਲੋਕਾਂ ਨੂੰ ਬਦਬੂ ਦਾ ਅਹਿਸਾਸ ਹੋਵੇ।

ਉਂਕਾਰਪ੍ਰੀਤ ਨੇ ਅਪਣੇ ਪਰਚੇ ਦੇ ਸੰਦਰਭ ਵਿੱਚ ਭਾਰਤੀ ਹੁਰਾਂ ਦੀ ਇਸ ਦਲੀਲ ਨੂੰ ਰੱਦ ਕਰਦਿਆਂ ਲੇਖਕ ਦੇ “ਕਲਿਆਣਕਾਰੀ” ਖਾਸੇ ਨੂੰ ਅਜਿਹੀ ਗੰਦਗੀ ਭਰੀ ਖੜੋਤ ਨੂੰ ਤੋੜਨ ਵਾਲਾ ਆਖਿਆ, ਨਾ ਕਿ ਸਿਰਫ਼ ਰੋੜਾ ਮਾਰਕੇ “ਸੁਰਖ਼ਰੂ” ਹੋਣ ਤੀਕ ਸੀਮਤ ਰਹਿਣ ਵਾਲਾ।

ਸਮਾਗਮ ‘ਚ ਹਾਜ਼ਰ ਗੁਰਦਿਆਲ ਬੱਲ ਹੁਰਾਂ ਨੇ ਉਂਕਾਰਪ੍ਰੀਤ ਦੇ ਵਿਚਾਰਾਂ ਦੀ ਪ੍ਰੋੜਤਾ ਵਿਸ਼ਵ ਪੱਧਰ ਦੇ ਕਈ ਨਾਮਵਰ ਖੱਬੇਪੱਖੀ ਚਿੰਤਕਾਂ ਦੇ ਹਵਾਲਿਆਂ ਨਾਲ ਕੀਤੀ। ਉਹਨਾਂ ਕਿਹਾ ਕਿ ਪੂੰਜੀਪਤੀਆਂ ਦੀ ਮਾਲਕੀ ਵਾਲੇ ਸੰਸਾਰ ਪੱਧਰ ਦੇ ਮੀਡੀਏ ਤੋਂ ਪੇਸ਼ ਕੀਤੀ ਜਾ ਰਹੀ ‘ਆਮ ਬੰਦੇ’ ਦੀ ਤ੍ਰਾਸਦੀ ਅਤੇ ਸਾਹਿਤਕਾਰ ਵਲੋਂ ਪੇਸ਼ ਕੀਤੀ ਜਾ ਰਹੀ ਅਜਿਹੀ ਸਮੱਗਰੀ ਨੂੰ ਘੋਖਣ ਦੀ ਲੋੜ ਹੈ। ਉਹਨਾਂ ਕਾਫ਼ਲੇ ਨੂੰ ਅਜਿਹੇ ਗੰਭੀਰ ਅਤੇ ਅਤਿ ਲੋੜੀਂਦੇ ਸਾਹਿਤਕ ਸੰਵਾਦ ਰਚਾਉਣ ਲਈ ਮੁਬਾਰਕਬਾਦ ਦਿੱਤੀ।

ਵਿਨੀਪੈੱਗ ਤੋਂ ‘ਸਾਹਿਤ ਵਿਚਾਰ ਮੰਚ’ ਨਾਲ਼ ਸਬੰਧਤ ਗੁਰਦੀਪ ਵੱਲੋਂ ਭੇਜੇ ਗਏ ਲਿਖਤੀ ਬਿਆਨ ਵਿੱਚ ਸਵਾਲ ਕੀਤਾ ਗਿਆ ਸੀ ਕਿ ਜਦੋਂ ਜ਼ਿੰਦਗੀ ਦੇ ਕਿਸੇ ਵੀ ਰੂਪ ਵਿੱਚ ਖੱਬੇ-ਪੱਖੀ ਵਿਚਾਰਧਾਰਾ ਦੀ ਹੋਂਦ ਨਜ਼ਰ ਨਹੀਂ ਆ ਰਹੀ ਤਾਂ ਫਿਰ ਸਾਹਿਤ ਦੇ ਰੂਪ ਵਿੱਚ ਹੀ ਇਸ ਦੀ ਆਸ ਕਿਉਂ ਕੀਤੀ ਜਾ ਰਹੀ ਹੈ? ਬਹੁਤ ਸਾਰੇ ਇਨਕਲਾਬੀ ਵਿਚਾਰਧਾਰਾ ਨਾਲ਼ ਜੁੜੇ ਰਹੇ ਨਾਮਵਰ ਲੇਖਕਾਂ ਦੇ ਸਰਕਾਰੀ ਸਨਮਾਨਾਂ ਲਈ ਤਤਪਰ ਹੋ ਜਾਣ ਦੀਆਂ ਉਦਾਹਰਣਾਂ ਦਿੰਦਿਆਂ ਉਨ੍ਹਾਂ ਨੇ ਸਵਾਲ ਖੜ੍ਹੇ ਕੀਤੇ ਕਿ ਜਦੋਂ ਖੱਬੇ-ਪੱਖੀ ਵਿਚਾਰਧਾਰਾ ਦੇ ਮੋਹਰੀ ਸਮਝੇ ਜਾਂਦੇ ਲੇਖਕਾਂ ਵਿੱਚੋਂ ਹੀ ਇਹ ਵਿਚਾਰਧਾਰਾ ਵਿਖਾਈ ਨਹੀਂ ਦੇ ਰਹੀ ਤਾਂ ਆਮ ਲੇਖਕ ਕੋਲੋਂ ਇਸ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ?

ਮਿਥੇ ਸਮੇਂ ਤੋਂ ਵੱਧ ਲੰਬੀ ਚੱਲੀ ਇਸ ਭਖਵੀਂ ਵਿਚਾਰ ਚਰਚਾ ‘ਚ ਹੇਠ ਲਿਖੇ ਪ੍ਰਮੁੱਖ ਸਵਾਲ ਉੱਭਰ ਕੇ ਸਾਹਮਣੇ ਆਏ:

1. ਲੇਖਕ ਦੀ ਆਮ ਬੰਦੇ ਪ੍ਰਤੀ ਕੀ ਪ੍ਰਤੀਬੱਧਤਾ ਹੈ?

2. ਕੀ ਲੇਖਕ ਨੂੰ ਆਮ ਬੰਦੇ ਦੀ ਤ੍ਰਾਸਦੀ ਦਾ ਹੂ-ਬ-ਹੂ ਬਿਆਨ ਕਰਕੇ ‘ਸੁਰਖ਼ਰੂ’ ਹੋ ਜਾਣਾ ਚਾਹੀਦਾ ਹੈ, ਜਾਂ ਇਸ ‘ਚ ਬਦਲਾਅ ਤੇ ਫੋਕਸ ਹੋਣਾ ਚਾਹੀਦਾ ਹੈ?

3. ਕੀ ਲੇਖਕ ਬਦਲ ਰਹੇ ਰਾਜਸੀ ਸਮੀਕਰਣਾ ‘ਚ ਅਚੇਤ / ਸੁਚੇਤ ਰੂਪ ‘ਚ ‘ਸਟੇਟ’ ਦੀ ਸਥਾਪਤੀ ਨੂੰ ਹੀ ਤਾਂ ਦ੍ਰਿੜ ਨਹੀਂ ਕਰ ਰਿਹਾ?

4. ਮੁੱਖਧਾਰਾ ਮੀਡੀਏ ਰਾਹੀਂ “ਆਮ ਲੋਕਾਂ” ਦੀ ਪੇਸ਼ ਕੀਤੀ ਜਾ ਰਹੀ ਤ੍ਰਾਸਦੀ ਦੀ ਤਰਜ਼ ਤੇ, ਸਾਹਿਤ ‘ਚ ਪੇਸ਼ ਹੋ ਰਹੀ ਤ੍ਰਾਸਦੀ ਕੀ ਸਾਰਥਿਕ ਹੈ?

5. ਮੌਜੂਦਾ ਸਾਹਿਤਕ ਮੰਚ ਤੇ ‘ਬਦਲਾਅ ਤੇ ਫੋਕਸ’ ਚਿੰਤਨ ਦੀਆਂ ਕੀ ਸੀਮਾਵਾਂ ਅਤੇ ਸੰਭਾਵਨਾਵਾਂ ਹਨ?




**ਵਰਿਆਮ ਸੰਧੂ, ਅਪਣਾ ਪਰਚਾ ਪੜ੍ਹਦੇ ਹੋਏ। (ਖੱਬੇ) ਕੁਲਵਿੰਦਰ ਖਹਿਰਾ।**

# ਕੂੰਜੀਆਂ / ਵਰਿਆਮ ਸੰਧੂ

'ਕੂੰਜੀਆਂ' ਦੀ ਕਵਿਤਾ ਦੀ ਪਹਿਲੀ ਪਛਾਣ ਇਹੋ ਲੱਗਦੀ ਹੈ ਕਿ ਇਹ 'ਵਿਚਾਰ' ਦੀ ਨਹੀਂ ਸਗੋਂ 'ਸੂਖ਼ਮ' ਅਹਿਸਾਸ ਦੀ ਕਵਿਤਾ ਹੈ। ਏਸੇ ਕਰਕੇ ਇਹ ਕਵਿਤਾ ਬਹੁਤੀ ਭਾਰੀ-ਗੌਰੀ ਨਹੀਂ ਕਿਉਂਕਿ ਇਹ ਕੋਈ ਦਾਅਵਾ ਨਹੀਂ ਕਰਦੀ। ਇਹ ਆਪਣੇ ਸਿਰ 'ਤੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਭਾਰ ਵੀ ਨਹੀਂ ਰੱਖਦੀ। ਇਸੇ ਲਈ ਇਹ ਕਵਿਤਾ ਭਾਰ-ਮੁਕਤ ਹੈ। ਜੇ ਭਾਰ ਹੈ ਵੀ ਤਾਂ ਐਵੇਂ ਫੁੱਲ ਜਿੰਨਾਂ, ਖ਼ੁਸ਼ਬੋ ਜਿੰਨਾਂ, ਝਾਂਜਰ ਦੇ ਬੋਰ ਜਿੰਨਾ। ਸ਼ਾਇਦ ਏਸੇ ਲਈ ਇਸ ਦੀ ਵਿਆਖਿਆ ਕਰਨ ਲਈ ਇਸਨੂੰ ਹੱਥ ਪਾਉਣਾ ਔਖਾ ਲੱਗਦਾ ਹੈ। ਹੱਥ ਲਾਉਂਦਿਆਂ ਹੀ ਇਸ ਚੀਨੀ ਕਬੂਤਰੀ ਦੇ ਤਿਲਕਵੇਂ ਖੰਭ ਹੱਥਾਂ 'ਚੋਂ ਨਿਕਲ ਨਿਕਲ ਜਾਂਦੇ ਹਨ। ਇਹ ਲਾਜਵੰਤੀ ਵਾਂਗ ਛੂਈ-ਮੂਈ ਹੋ ਜਾਂਦੀ ਹੈ। ਇਸਦੇ ਅਰਥ ਕਰਨ ਲਈ ਕਾਹਲੇ ਪਏ ਆਲੋਚਕ ਨੂੰ ਇਹ ਹੌਲੀ ਜਿਹੀ ਕੰਨ ਵਿਚ ਆਖਦੀ ਹੈ, " ਜੇ ਇਸਦੀ ਪੱਤੀ ਪੱਤੀ ਕਰੇਂਗਾ ਤਾਂ ਪਿੱਛੇ ਫੁੱਲ ਦਾ ਕੀ ਬਚਣਾ ਹੈ! ਜੇ ਮੈਨੂੰ ਮਾਨਣਾ ਹੈ ਤਾਂ ਪੱਤੀਆਂ ਖਿਲਾਰਨ ਲਈ ਵਧਾਇਆ ਹੱਥ ਪਿੱਛੇ ਕਰ ਤੇ ਨਜ਼ਰ ਅੱਗੇ ਕਰ ਕੇ ਖਿੜੇ-ਖਿੜਾਏ ਇਸ ਫੁੱਲ ਨੂੰ ਵੇਖ।"

ਮੈਂ ਵੀ ਬੋਝ-ਮੁਕਤ ਹੋ ਕੇ ਆਰਾਮ ਦੀ ਮੁਦਰਾ ਵਿਚ ਆ ਜਾਂਦਾ ਹਾਂ। ਸ਼ਾਇਰਾ ਦੀ ਉਸ ਝੂਲਦੀ ਹੋਈ ਖ਼ਾਨਦਾਨੀ ਕੁਰਸੀ 'ਤੇ ਬੈਠ ਜਾਂਦਾ ਹਾਂ। ਅੱਖਾਂ ਮੁੰਦੀ ਕਵਿਤਾ ਦਾ ਦਰਵਾਜ਼ਾ ਲੱਭਦਾ ਹਾਂ। ਦਰਵਾਜ਼ੇ ਉੱਤੇ ਮੋਟਾ ਸਾਰਾ ਸ਼ਬਦ 'ਯਾਦਾਂ' ਖੁਦਿਆ ਹੋਇਆ ਹੈ। ਯਾਦਾਂ ਰਾਹੀਂ ਹੌਲੀ ਹੌਲੀ ਕਵਿਤਾ ਦੇ ਸੰਸਾਰ ਵਿਚ ਉੱਤਰਦਾ ਹਾਂ। ਮੈਂ ਸਮਝ ਲਿਆ ਹੈ; ਇਹ ਕਵਿਤਾ ਜਾਨਣ ਨਾਲੋਂ ਬਹੁਤਾ ਮਾਨਣ ਨਾਲ ਸੰਬੰਧ ਰੱਖਦੀ ਹੈ। ਖਿੜੇ ਫੁੱਲ ਨੂੰ ਦੂਰੋਂ ਵੇਖਦਾ ਹਾਂ। ਖਿੜੀ ਧੁੱਪ ਵਾਂਗ ਇਸਨੂੰ ਫੜਨਾ ਆਸਾਨ ਵੀ ਨਹੀਂ। ਮੈਂ ਇਸਦੀ ਪੱਤੀ ਪੱਤੀ ਵਲੂੰਧਰਨੀ ਵੀ ਨਹੀਂ ਚਾਹੁੰਦਾ। ਆਪਣੀ ਸਮਝ ਨੂੰ ਇਕ ਪਾਸੇ ਧਰ ਕੇ ਸ਼ਾਇਰਾ ਦੇ ਅਹਿਸਾਸਾਂ ਨਾਲ ਇਕਸੁਰ ਹੋਣ ਦੀ ਕੋਸ਼ਿਸ਼ ਕਰਦਾ ਹਾਂ। ਉਸ ਵਾਂਗ ਹੀ ਧੀ, ਭੈਣ, ਪਤਨੀ, ਮਾਂ ਬਣ ਜਾਂਦਾ ਹਾਂ। ਕਵਿਤਾ ਮੈਨੂੰ ਧੁੰਦਲੀ ਹੋ ਚੁੱਕੀ ਨੇੜੇ ਦੀ ਨਜ਼ਰ ਮੋੜਦੀ ਹੈ। ਪਥਰਾਏ ਆਪੇ ਨੂੰ ਥੱਰਰਾਏ ਜਾਣ ਵਾਲੀ ਤਰਲਤਾ ਬਖ਼ਸ਼ਦੀ ਹੈ। ਘਰ, ਪਿੰਡ, ਰਿਸ਼ਤੇ, ਵਸਤਾਂ ਸਾਹ ਲੈਂਦੇ ਸੁਣਦੇ ਹਨ। ਏਥੇ ਹਰ ਪਲ ਕਵਿਤਾ ਘਟ ਰਹੀ ਹੈ। ਉਡੀਕਦਾ ਘਰ, ਉੱਚੜੇ ਲਿਓੜ, ਪਿੱਤਲ ਦੀਆਂ ਮੇਖਾਂ ਵਾਲਾ ਸੰਦੂਕ, ਦਾਣੇ ਭੁੰਨਣ ਵਾਲੀ ਭੱਠੀ, ਬਲਦਾਂ ਦੀਆਂ ਟੱਲੀਆਂ, ਮੱਝ ਦਾ ਸੰਗਲ, ਵਿਹੜੇ ਵਿਚ ਲੱਗਾ ਰੁੱਖ ਤੇ ਹੋਰ ਕਿੰਨਾਂ ਕੁਝ ਗੱਲਾਂ ਕਰਦੇ ਨਜ਼ਰ ਆਉਂਦੇ ਹਨ। ਮੇਰੇ ਅੰਦਰਲਾ ਬਾਲ ਬੰਬਾਂ ਨੂੰ ਭੁੱਲ ਕੇ ਕੁਕੜੀ ਦੇ ਪਿੱਛੇ ਭੱਜਣ ਲੱਗਦਾ ਹੈ, ਕਦੀ ਮਾਸ਼ਕੀ ਦੇ ਪਾਣੀ ਦੀ ਛਿੜਕੀ ਫੁਹਾਰ ਵਿਚ ਭਿੱਜਦਾ ਹੈ, ਅਸਮਾਨ ਵਿਚ ਉਡਦਾ ਜਾਂਦਾ ਗੁਬਾਰਾ ਵੇਖ ਕੇ ਤਾੜੀਆਂ ਮਾਰਨ ਲੱਗਦਾ ਹੈ। ਮਾਪਿਆਂ ਦੇ ਘਰ ਪ੍ਰਾਹੁਣੀਆਂ ਆਈਆਂ ਧੀਆਂ ਨੂੰ ਨੱਚਦਿਆਂ ਵੇਖ ਕੇ ਖ਼ੁਸ਼ ਹੁੰਦਾ ਹਾਂ। ਹੱਥ ਵਿਚ ਗੰਢੜੀ ਲਈ ਮੁੜ ਮੁੜ ਪਿੱਛੇ ਵਿੰਹਦੀਆਂ ਪਰ ਅੱਗੇ ਤੁਰੀਆਂ ਜਾਂਦੀਆਂ ਧੀਆਂ ਨੂੰ ਵੇਖ ਉਦਾਸ ਹੋ ਜਾਂਦਾ ਹਾਂ। ਅੱਖਾਂ ਭਰ ਲੈਂਦਾ ਹਾਂ। ਉਹਨਾਂ ਨੂੰ ਗਲ ਨਾਲ ਲਾਉਣ ਨੂੰ ਜੀਅ ਕਰਦਾ ਹੈ। ਉਹਨਾਂ ਦੇ ਸਿਰ 'ਤੇ ਪਿਆਰ ਦੇਣ ਲਈ ਪਿਓ ਵਾਲਾ ਹੱਥ ਉੱਚਾ ਉੱਠ ਜਾਂਦਾ ਹੈ। ਮੈਨੂੰ ਮਾਂ, ਪਿਓ, ਦਾਦੀ, ਦਾਦਾ, ਭੈਣ, ਪੁਤ, ਧੀ, ਪਤੀ, ਪਤਨੀ; ਸਾਰੇ ਰਿਸ਼ਤੇ ਹੋਰ ਵੱਧ ਪਿਆਰੇ ਲੱਗਣ ਲੱਗਦੇ ਹਨ।

ਗਵਾਚਿਆ ਪਿੰਡ ਸਾਰੀਆਂ ਵਸਤਾਂ ਅਤੇ ਰਿਸ਼ਤਿਆਂ ਸਮੇਤ ਮੇਰੇ ਕਲੇਜੇ ਨਾਲ ਆਣ ਲੱਗਦਾ ਹੈ। ਅੱਜ ਤੋਂ ਚਾਲੀ ਪੰਜਾਹ ਸਾਲ ਪਹਿਲਾਂ ਦਾ ਪਿੰਡ। ਪਿੰਡ; ਜਿਹੜਾ ਮੇਰਾ ਪੰਜਾਬ ਹੈ। ਇਸ ਉੱਤੇ ਧੂੜ ਜੰਮ ਚੁੱਕੀ ਸੀ। ਇਸ ਕਵਿਤਾ ਨੇ ਉਸ ਧੂੜ ਨੂੰ ਮੇਰੀਆਂ ਨਜ਼ਰਾਂ ਤੋਂ ਧੋ ਦਿੱਤਾ ਹੈ। ਧੋਤੀਆਂ ਨਜ਼ਰਾਂ ਨਾਲ ਧੋਤੇ ਲਿਸ਼ਕਦੇ ਉਸ ਪੰਜਾਬ ਨੂੰ ਅੱਖਾਂ ਭਰ ਕੇ ਵੇਖਦਾ ਹਾਂ। ਅੱਖਾਂ ਹਨ ਕਿ ਰੱਜਣ ਵਿਚ ਨਹੀਂ ਆਉਂਦੀਆਂ। ਕੀ ਕਿਸੇ ਹੋਰ ਨੇ ਮੇਰੇ ਪਿੰਡ ਨੂੰ ਏਨੀ ਆਤਮੀਅਤਾ ਨਾਲ ਵੇਖਿਆ ਹੈ, ਏਨੀ ਮੁਹੱਬਤ ਨਾਲ ਮੇਰੇ ਪੰਜਾਬ ਨੂੰ ਸਾਹਿਤ ਵਿਚ ਜਾਂ ਕਵਿਤਾ ਵਿਚ ਜਿਊਂਦੇ ਕੀਤਾ ਹੈ। ਵਾਰਿਸਸ਼ਾਹ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਤੇ ਗਿਆਨੀ ਗੁਰਦਿੱਤ ਸਿੰਘ ਇਕ-ਦਮ ਮੇਰੇ ਚੇਤਿਆਂ ਵਿਚ ਲਿਸ਼ਕਦੇ ਹਨ। ਇਸ ਕਵਿਤਾ ਨੇ ਉਹ ਸਭ ਵੱਡੇ ਸਾਹਿਤਕਾਰ ਮੈਨੂੰ ਚੇਤੇ ਕਰਵਾ ਦਿੱਤੇ ਹਨ। ਮੈਂ ਇਸ ਕਵਿਤਾ ਦਾ ਉਹਨਾਂ ਸਭ ਦੀ ਕਵਿਤਾ ਨਾਲ ਮੁਕਾਬਲਾ ਨਹੀਂ ਕਰਦਾ। ਇਸ ਕਵਿਤਾ ਦੀ ਆਪਣੀ ਥਾਂ ਹੈ, ਉਹਨਾਂ ਤੋਂ ਵੱਖਰੀ, ਬਿਲਕੁਲ ਇਸਦੇ ਆਪਣੇ ਵਰਗੀ। ਮੇਰੇ ਲਈ ਵੱਡੀ ਤੇ ਵੱਖਰੀ ਗੱਲ ਤਾਂ ਇਹ ਹੈ ਕਿ ਇਸਨੇ ਮੇਰੇ ਮਨ ਵਿਚ ਵੀ ਆਪਣੀ ਥਾਂ ਬਣਾ ਲਈ ਹੈ। ਮੈਂ ਬੜੇ ਅਦਬ ਨਾਲ ਉਹਨਾਂ ਵੱਡੇ ਸ਼ਾਇਰਾਂ ਦੀ ਲਿਖਤ ਨਾਲ ਇਸ ਕਵਿਤਾ ਆਪਣੇ ਦਿਲ ਵਿਚ ਨੂੰ ਬਿਠਾ ਲਿਆ ਹੈ।

ਪੂਰਨ ਸਿੰਘ ਵਾਂਗ ਇਹ ਕਵਿਤਾ ਉਸ ਪੁਰਾਣੇ ਪੰਜਾਬ ਦੀ ਹੂ ਬਹੂ ਹੋਂਦ ਦੀ ਪੁਨਰ ਸਿਰਜਣਾ ਦੀ ਜਾਚਕ ਨਹੀਂ। ਇਹ ਤਾਂ ਉਹਨਾਂ ਵੇਲਿਆਂ ਨਾਲ ਜੁੜੀ ਸਾਂਝ ਦਾ ਵੈਰਾਗਮਈ ਕੀਰਤਨ ਹੈ। ਸੁਣਨ ਵਾਲੇ ਨੂੰ ਚੰਗਾ ਚੰਗਾ ਲੱਗਦਾ ਹੈ, ਉਸਦੇ ਅੰਦਰ ਨੂੰ

ਠੰਡ ਪੈਂਦੀ ਹੈ। ਇਸੇ ਵੇਲੇ ਇਹ ਖ਼ਿਆਲ ਵੀ ਆਉਂਦਾ ਹੈ ਕਿ ਜਿੰਨ੍ਹਾਂ ਨੇ ਉਸ ਪੰਜਾਬ ਤੇ ਉਹ ਪਿੰਡ ਨੂੰ ਨਹੀਂ ਵੇਖਿਆ ਉਹ ਇਸ ਕਵਿਤਾ ਨੂੰ ਕਿਵੇਂ ਮਾਣ ਸਕਣਗੇ! ਫਿਰ ਸੋਚਦਾ ਹਾਂ ਇਹ ਉਹਨਾਂ ਦੀ ਮਜਬੂਰੀ ਹੋਵੇਗੀ। ਮੇਰਾ ਤਾਂ ਇਹ ਸਭ ਕੁਝ ਵੇਖਿਆ ਡਿੱਠਾ ਹੈ। ਸੁਬਹ, ਸ਼ਾਮ, ਦੁਪਹਿਰਾਂ, ਰਾਤਾਂ ਅਤੇ ਸੌਂਦੇ ਜਾਗਦੇ, ਉੱਠਦੇ, ਤੁਰਦੇ ਕੰਮ-ਧੰਦਾ ਕਰਦੇ ਲੋਕ। ਇਹ ਕਿਸੇ ਹੋਰ ਦੀ ਨਗ ਸਹੀ ਮੇਰੀ ਕਵਿਤਾ ਤਾਂ ਹੈ। ਪਰ ਰਿਸ਼ਤਿਆਂ ਦਾ ਮੋਹ, ਵੈਰਾਗ ਤੇ ਪਿੱਛੇ ਵੱਲ ਵਾਰ ਵਾਰ ਪਰਤਣ ਦਾ ਅਹਿਸਾਸ ਇਸਨੂੰ ਸਭ ਦੀ ਕਵਿਤਾ ਬਣਾਉਂਦਾ ਹੈ।

ਇਹ ਕਵਿਤਾ ਬੜੀ ਸਹਿਜ ਹੈ, ਨਿਰ-ਉਚੇਚ। ਨਿੱਕੀ ਨਿੱਕੀ ਕਣੀ ਦੇ ਵਰ੍ਹਦੇ ਮੀਂਹ ਵਰਗੀ, ਹੌਲੀ ਹੌਲੀ ਮਨ ਦੀ ਧਰਤੀ ਵਿਚ ਰਮਦੀ ਜਾਂਦੀ। ਹੋ ਸਕਦਾ ਹੈ ਸਿਰਜਣਾਤਮਕ ਪਲਾਂ ਵਿਚ ਸ਼ਬਦਾਂ ਦਾ ਝੁਰਮਟ ਸ਼ਾਇਰਾ ਦੇ ਅੰਗੂਠੇ ਨੂੰ ਇਹ ਆਖ ਕੇ ਤੰਗ ਕਰਦਾ ਹੋਵੇ, 'ਪਹਿਲਾਂ ਮੈਨੂੰ ਲਿਖ, ਪਹਿਲਾਂ ਮੈਨੂੰ ਲਿਖ' ਤੇ ਉਸਨੂੰ ਕਈ ਵਾਰ ਕਾਗ਼ਜ਼ ਕੋਰਾ ਛੱਡ ਕੇ ਵੀ ਉੱਠਣਾ ਪੈਂਦਾ ਹੋਵੇ ਪਰ ਕਾਗ਼ਜ਼ ਉੱਤੇ ਉੱਤਰੀ ਕਵਿਤਾ ਸੂਰਜ ਦੇ ਚੜ੍ਹਨ ਵਾਂਗ ਸਹਿਜ ਹੈ। 'ਚਟਕ' ਕਰਕੇ ਡੋਡੀ ਦੇ ਫੁੱਲ ਬਣ ਜਾਣ ਵਰਗੀ। ਇਹ ਕਵਿਤਾ ਬੜੀ ਮਾਸੂਮ ਹੈ ਤੇ ਰੱਬ ਵਰਗੀ ਬੇਪ੍ਰਵਾਹ ਵੀ। ਇਸਨੂੰ ਕਿਸੇ ਰੜੇ-ਰੱਬ ਦਾ ਖ਼ੌਫ਼ ਨਹੀਂ। ਉਹ ਰੱਬ ਨੂੰ 'ਨੰਗਾਂ ਦਾ ਨੰਗ' ਆ ਕੇ ਮਜ਼ਾਕ ਕਰ ਸਕਦੀ ਹੈ। ਉਸਨੂੰ ਖਿੱਚ ਕੇ ਹੇਠਾਂ ਧਰਤੀ 'ਤੇ ਲਾਹ ਲੈਂਦੀ ਹੈ ਤੇ 'ਬੱਚਾ' ਬਣਾ ਕੇ ਆਪਣੇ ਨਾਲ ਵਰ੍ਹਦੇ ਮੀਂਹ 'ਚ ਨਚਾਉਂਦੀ ਹੈ। ਇਸਨੂੰ ਕਿਸੇ ਧਰਮ ਦੀ ਮਰਿਆਦਾ ਦੀ ਗੁਲਾਮੀ ਦਾ ਭਾਰ ਤੇ ਭੈਅ ਤੰਗ ਨਹੀਂ ਕਰਦਾ। ਇਹ ਪਾਠ ਕਰਦੀ ਕਰਦੀ ਇੱਕ ਹੱਥ ਨਾਲ ਖਾ ਵੀ ਲੈਂਦੀ ਹੈ ਤੇ ਮੁੜ ਨੇ ਹੱਥ ਨੂੰ ਸੁੱਚਾ ਕਰਕੇ ਪਾਠ ਕਰਨ ਲੱਗਦੀ ਹੈ। ਇਹ ਕਵਿਤਾ ਚੱਲ-ਚਿਤਰ ਵਰਗੀ ਹੈ। ਇਕ ਤੋਂ ਬਾਅਦ ਇਕ ਦ੍ਰਿਸ਼ਾਂ ਦੀ ਲੜੀ ਦਰ ਲੜੀ ਅੱਖਾਂ ਅੱਗੋਂ ਲੰਘਦੀ ਜਾਂਦੀ ਹੈ। ਇਸਨੂੰ ਦ੍ਰਿਸ਼-ਕਾਵਿ ਵੀ ਕਿਹਾ ਜਾ ਸਕਦਾ ਹੈ। ਇਹਨਾਂ ਦ੍ਰਿਸ਼ਾਂ ਵਿਚ ਹੋਰਨਾਂ ਤੋਂ ਇਲਾਵਾ ਪ੍ਰਕਿਰਤੀ ਦਾ ਸੁਹਜ ਵੀ ਵਿਭਿੰਨ ਰੰਗਾਂ ਨਾਲ ਲਿਸ਼ਕਦਾ ਹੈ। ਇਸ ਕਵਿਤਾ ਵਿਚ 'ਕਬਰਾਂ' ਤੇ ਹੋਰ ਇੱਕ ਦੋ ਕਵਿਤਾਵਾਂ ਨੂੰ ਛੱਡ ਕੇ ਸੰਘਣੇ ਦੁੱਖ ਦੇ ਪ੍ਰਛਾਵੇਂ ਨਹੀਂ ਹਨ। ਇਹਨਾਂ ਕਵਿਤਾਵਾਂ ਵਿਚ ਨਾ ਹੀ ਗੁੱਸਾ ਤੇ ਨਾ ਹੀ ਰੰਜ ਅਤੇ ਰੰਜਿਸ਼। ਇਹ ਜ਼ਿੰਦਗੀ ਨੂੰ ਪਿਆਰਨ ਦੀ ਕਵਿਤਾ ਹੈ। ਇਸਦੇ ਪੜ੍ਹਨ ਬਾਅਦ ਮੇਰੇ ਅੰਦਰੋਂ ਚੌਗਿਰਦੇ ਅਤੇ ਰਿਸ਼ਤਿਆਂ ਲਈ ਮੁਹੱਬਤ ਦਾ ਉਛਾਲ ਉੱਠਿਆ ਹੈ। ਮੈਂ ਹੋਰ ਮੋਹ-ਵੰਤਾ ਹੋ ਗਿਆ ਹਾਂ।

ਇਹ ਕਵਿਤਾ ਜ਼ਿੰਦਗੀ ਨੂੰ ਔਰਤ ਦੀ ਨਜ਼ਰ ਨਾਲ ਵੇਖਦੀ ਹੈ। ਇਸ ਨਜ਼ਰ ਨਾਲ ਵੇਖਿਆਂ ਕਦੀ ਕਦੀ ਆਪਣਾ ਆਪ ਇਕੱਲਾ ਇਕੱਲਾ ਵੀ ਲੱਗਦਾ ਹੈ, ਖਾਲੀ ਖਾਲੀ ਵੀ ਤੇ ਭਰਿਆ ਭਰਿਆ ਵੀ। ਪਰ ਔਰਤ ਹੋਣ ਦਾ ਉਹ ਸੰਤਾਪ ਇਸ ਕਵਿਤਾ ਦੀ ਜ਼ਿੰਮੇਵਾਰੀ ਨਹੀਂ, ਜਿਸ ਸੰਤਾਪ ਨੂੰ ਹੋਰ ਔਰਤ ਤੇ ਮਰਦ ਲੇਖਕਾਂ ਨੇ ਜ਼ਬਾਨ ਦਿੱਤੀ ਹੈ। ਇਸ ਪੱਖੋਂ ਵੀ ਇਹ ਕਵਿਤਾ ਵੱਖਰੀ ਹੈ। ਇਸ ਵਿਚ ਵੀ ਸੰਦੇਹ ਨਹੀਂ ਕਿ ਔਰਤਾਂ, ਕੁੜੀਆਂ, ਧੀਆਂ, ਮਾਈਆਂ ਬਾਰੇ ਪੜ੍ਹਦਿਆਂ ਕਦੀ ਕਦੀ ਮਨ ਨੂੰ ਹੌਲ ਵੀ ਪੈਂਦੇ ਹਨ, ਮਨ ਭਰ ਵੀ ਆਉਂਦਾ ਹੈ। ਗੁੱਡਾ-ਗੁੱਡੀ ਕਵਿਤਾ ਪੜ੍ਹਦਿਆਂ ਗੁੱਡੇ ਵਾਲੀ ਕੁੜੀ ਰੋਅਬ ਦਿਖਾਉਂਦੀ ਹੈ ਅਤੇ ਗੱਲ ਗੱਲ 'ਚ ਨੁਕਸ ਕੱਢਦੀ ਹੈ ਤਾਂ ਗੁੱਡੀ ਵਾਲੀ ਕੁੜੀ ਝੂਠ-ਮੂਠ ਦੇ ਹੰਝੂ ਵਹਾਉਂਦਿਆਂ ਜਦੋਂ ਇਹ ਆਖਦੀ ਹੈ, "ਸਾਥੋਂ ਤਾਂ ਜੀ ਇਹੋ ਸਰਦੈ" ਤਾਂ ਮੇਰਾ ਸੱਚੀਂ ਮੁਚੀਂ ਦਾ ਰੋਣ ਨਿਕਲ ਗਿਆ। ਇਸ ਕਵਿਤਾ ਬਾਰੇ ਹੋਰ ਵੀ ਬੜੀਆਂ ਗੱਲਾਂ ਕਰਬ ਵਾਲੀਆਂ ਹਨ ਪਰ ਮੇਰੀ ਹਾਲਤ ਉਸ ਵਿਦਿਆਰਥੀ ਵਰਗੀ ਹੈ ਜਦੋਂ ਉਸਦਾ ਆਖ਼ਰੀ ਸਵਾਲ ਦਾ ਕਾਫ਼ੀ ਸਾਰਾ ਹਿੱਸਾ ਹੱਲ ਕਰਨ ਵਲਾ ਹੋਵੇ ਪਰ ਨਿਗਰਾਨ ਉਸਦੇ ਹੱਥਾਂ ਵਿਚੋਂ ਪਰਚਾ ਖੋਹ ਲਵੇ।



**ਪੇਸ਼ ਕੀਤੇ ਜਾ ਰਹੇ ਵਿਚਾਰਾਂ ਨੂੰ ਸੁਣਨ 'ਚ ਮਗਨ ਸਰੋਤੇ**

# ਗ਼ਜ਼ਲ ਅਤੇ ਉਸਦੀਆਂ ਖੁੱਲ੍ਹਾਂ

## -ਉਂਕਾਰਪ੍ਰੀਤ-

ਨਾਦ ਸ੍ਰਿਸ਼ਟੀ ਦਾ ਮੂਲ ਹੈ। ਨਾਦ ਤੋਂ ਸਵਰ, ਸਵਰ ਤੋਂ ਸੁਰ, ਸੁਰ ਤੋਂ ਤਾਲ ਅਤੇ ਤਾਲ ਤੋਂ ਤਰਜ਼ ਤੀਕ ਦਾ ਸਫ਼ਰ ਸਮੁੱਚੀ ਹੋਂਦ ਦੀ ਉਤਪਤੀ ਦਾ ਸ਼ਫਰ ਹੈ। ਦਾਰਸ਼ਨਿਕਾਂ ਨੇ ਇਸੇ 'ਮੂਲ ਨਾਦ' ਨੂੰ "ਏਕੋ ਕਵਾਓ", "ਕੁੰਨ", ਅਤੇ "ਓਮ" ਦੀ ਧੁਨੀ ਰਾਹੀਂ ਹੋਂਦ ਦਾ ਬੀਜ ਮੰਨਿਆ ਹੈ।

ਵਿਗਿਆਨ ਨੇ ਸਿੱਧ ਕੀਤਾ ਹੈ ਕਿ ਜੇਕਰ ਅਸੀਂ ਕਿਸੇ ਵੀ ਭੌਤਿਕ ਹੋਂਦ (ਮੈਟਰ) ਨੂੰ ਤੋੜਦੇ ਚਲੇ ਜਾਈਏ ਤਾਂ ਉਸਦੇ 'ਮਾਈਕਰੋਸਕੋਪਿਕ' ਖੰਡਾਂ ਨੂੰ ਤੋੜਿਆਂ ਸਿਰਫ਼ ਇੱਕ "ਹਮ" ਦਾ ਨਾਦ ਬਚਦਾ ਹੈ। ਇਵੇਂ ਨਾਦ, ਮੂਲ ਤੱਤ ਹੋਣ ਦੇ ਬਾਵਜੂਦ ਇੱਕ ਅਜਿਹਾ ਵਿਸ਼ਾਲ ਸਮੁੰਦਰ ਹੈ ਜਿਸ ਵਿੱਚ ਸਾਰੇ ਬ੍ਰਹਿਮੰਡ (ਵਾਯੂਖੰਡ + ਭੂਖੰਡ) ਦੇ ਵਜੂਦ ਲੁਕੇ ਹਨ।

ਹੋਂਦ ਦੀ ਸਮੁੱਚੀ ਚੇਤਨਾ ਅਪਣੇ ਇਸ 'ਨਾਦ' ਮੂਲ ਨਾਲ ਜੁੜਨ ਦੇ ਆਹਰ ਵਿੱਚ ਹੈ। ਜੁੜੀ ਰਹਿਣਾ ਚਾਹੁੰਦੀ ਹੈ। ਨਾਦ ਹੋਂਦ ਦਾ ਧੁਰਾ ਹੈ। ਮਨੁੱਖੀ ਚੇਤਨਾ ਇਸੇ 'ਸਮੁੱਚੀ ਚੇਤਨਾ' ਦਾ ਇਕ ਅੰਸ਼ ਮਾਤਰ ਹੈ। ਮਨੁੱਖ ਦੁਆਰਾ ਲੱਭਤ ਸਭ ਕਲਾਵਾਂ ਇਸੇ ਨਾਦ ਨਾਲ ਜੁੜਨ ਦੇ ਵੱਖੋ ਵੱਖ ਰਾਹ ਹਨ।

ਨਾਦ ਤੋਂ ਨਦੀ, ਨਦੀ ਤੋਂ ਨਦਵਾਹ, ਨਦਵਾਹ ਤੋਂ ਸਮੁੰਦਰ ਹੋਣ ਦਾ ਸਫ਼ਰ ਹੋਂਦ ਦੇ ਮੂਲ 'ਨਾਦ' ਨਾਲ ਇਕਮਿਕ ਹੋਣ ਦਾ ਸਫ਼ਰ ਹੈ। ਇੱਕ ਮੁਕੰਮਲ ਕਵਿਤਾ ਹੈ।

ਚਿੱਤਰਕਾਰ ਰੰਗਾਂ ਰਾਹੀਂ, ਬਾਹਰੀ ਕੈਨਵਸ ਤੇ ਅਪਣੇ ਅੰਦਰਲੇ ਨਾਦ ਨਾਲ ਜੁੜਦਾ ਹੈ। ਸੰਗੀਤਕਾਰ ਸਾਜ਼ਾਂ ਨੂੰ ਇੱਕ ਖਾਸ ਤਰੀਕੇ ਨਾਲ ਛੋਹ ਕੇ ਜਾਂ ਉਸ ਵਿੱਚ ਖਾਸ ਤਰੀਕੇ ਨਾਲ ਅਪਣੇ ਸਾਹ ਫੂਕ ਫੂਕ ਕੇ। ਦਾਰਸ਼ਨਿਕ/ਵਿਚਾਰਵਾਨ ਅਪਣੇ ਵਿਚਾਰਾਂ ਨੂੰ ਭਾਵੇਂ ਕਿਸੇ ਵੀ ਰੂਪ 'ਚ ਪ੍ਰਗਟਾ ਰਿਹਾ ਹੋਵੇ (ਲੇਖ/ਵਿਖਿਆਨ, ਕਹਾਣੀ, ਨਜ਼ਮ, ਗੀਤ, ਗ਼ਜ਼ਲ) ਉਸਦੇ ਧੁਰ ਅੰਦਰ ਇਸ ਇਕਰਸ ਨਾਦ ਨਾਲ ਜੁੜਨ ਦੀ ਚੇਤਨਾ ਵਸੀ ਰਹਿੰਦੀ ਹੈ।

ਕਲਾਕਾਰ ਅਪਣੇ ਅੰਦਰਲੇ ਇਸ ਨਾਦ ਨੂੰ ਬਾਹਰਲੀਆਂ ਕਿਹਨਾਂ ਪ੍ਰਸਥਿਤੀਆਂ, ਵਰਤਾਰਿਆ, ਸੋਚ, ਅਤੇ ਸੂਝ ਮਾਡਲਾਂ ਨਾਲ ਜੁੜਿਆ ਮਹਿਸੂਸ ਕਰਦਾ ਹੈ? ਉਹੀ ਉਸਦੇ ਪ੍ਰਗਟਾਅ ਦਾ ਵਿਸ਼ਾ ਬਣਦੇ ਹਨ। 'ਕਲਾ ਕਲਾ ਲਈ' ਜਾਂ 'ਕਲਾ ਲੋਕਾਂ ਲਈ' ਆਦਿ ਸੂਝ ਮਾਡਲ ਵਿਕਸਤ ਹੁੰਦੇ ਜਾਂਦੇ ਹਨ। "ਲੋਕ" ਪ੍ਰੀਭਾਸ਼ਿਤ ਹੁੰਦੇ ਜਾਂਦੇ ਹਨ। ਸਮਾਜ ਉਸਰਦੇ, ਢਹਿੰਦੇ ਜਾਂਦੇ ਹਨ।

ਤਦ ਹੀ ਜਦੋਂ ਕਲਾ ਦੇ ਪਾਰਖੂ / ਸਿਆਣੇ, ਕਲਾ ਦੇ ਕਿਸੇ ਵੀ ਰੂਪ ਦੀ ਪਰਖ ਪੜਚੋਲ ਕਰਦੇ ਹਨ ਤਾਂ ਮੂਲ ਕਸਵੱਟੀ ਇਹੀ ਤਹਿ ਹੰਦੀ ਹੈ ਕਿ ਕਲਾਕਾਰ ਦੇ 'ਕਲਾ-ਪ੍ਰਗਟਾਅ' ਵਿੱਚ ਅਪਣੇ 'ਮੂਲ' ਆਸ਼ੇ ਤੋਂ 'ਬਿਖਰਾਅ' ਕਿੰਨਾ ਹੈ। ਅਪਣੇ ਪ੍ਰਗਟਾਅ ਵਿੱਚ ਉਹ ਕਿੰਨਾ ਸੰਜਮੀ ਹੈ। ਬੇਲੋੜੇ ਨੂੰ ਸਿਆਨਣ ਵਿੱਚ ਉਹ ਕਿੰਨਾ ਪ੍ਰਬੀਨ ਹੈ। ਉਸਦੇ ਸੂਝ ਵਿੱਚ ਸਹਿਜ ਕਿੰਨਾ ਹੈ। ਉਸਦਾ ਪ੍ਰਗਟਾਅ ਕਿੰਨਾ ਨਿਰ-ਉਚੇਚ ਹੈ। ਉਹ ਕਿੰਨਾ ਕੁ 'ਭਾਰ ਮੁਕਤ' ਹੈ।

ਕਵਿ-ਕਲਾ ਵਿੱਚ ਇਹ ਕਲਾਤਮਿਕ 'ਸੰਜਮਤਾ' ਅਤੇ 'ਪ੍ਰਗਟਾਅ' ਦਾ ਸਿਖਰ, "ਗ਼ਜ਼ਲ" ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਕਾਵਿ ਕਲਾ ਰਾਹੀਂ ਅੰਦਰਲੇ-ਨਾਦ ਤੀਕ ਪਹੁੰਚ ਵਾਸਤੇ "ਗ਼ਜ਼ਲ" ਦੀ ਵਿਧਾ ਸਭ ਤੋਂ ਉੱਤਮ, ਵਿਲੱਖਣ ਅਤੇ ਇੱਕੋ ਇੱਕ

ਹੈ। ਕਵਿਤਾ ਦੇ ਬਾਕੀ ਰੂਪ (ਕਿੱਸੇ,ਨਜ਼ਮਾਂ,ਗੀਤ ਆਦਿ) ਵਿਚਾਰਾਂ ਨੂੰ ਵਿਸਥਾਰ ਨਾਲ ਜੋੜ ਕੇ ਉਸ ਇਕਰਸ ਨਾਦ/ਤਾਲ ਤੀਕ ਪੁਜਣ ਦੇ ਆਹਰ ਵਿੱਚ ਹਨ ਜਿਸ ਰਾਹੀਂ "ਕਵੀ/ਕਰਤਾ" ਜੁੜਿਆ ਮਹਿਸੂਸ ਕਰਦਾ ਹੈ, ਓਥੇ ਗ਼ਜ਼ਲ ਇਸਤੋਂ ਅਗਲੀ ਅਵਸਥਾ ਹੈ।

ਗ਼ਜ਼ਲ ਤੇ ਪੁਜ ਕੇ ਕਵਿਤਾ ਦਾ ਪ੍ਰਵਾਹ ਅਪਣੀ ਤਾਲ ਲੱਭ ਚੁੱਕਾ ਹੁੰਦਾ ਹੈ। ਵਿਚਾਰ ਵਿਸਥਾਰ ਤੋਂ ਸੰਜਮ ਤੀਕ ਪੁਜ ਚੁੱਕੇ ਹੁੰਦੇ ਹਨ। ਬਿਆਨ ਸਹਿਜ, ਰਵਾਨੀ ਅਤੇ ਨਿਸਚਤ ਵੇਗ ਪ੍ਰਾਪਤ ਕਰ ਜਾਂਦਾ ਹੈ। ਗ਼ਜ਼ਲ ਦੀ ਭਾਸ਼ਾ 'ਚ ਇਸ ਦਾ ਨਾਮ ਬਹਿਰ-ਵਜ਼ਨ ਹੈ। "ਗ਼ਜ਼ਲ ਇੱਕ ਫੁੱਲ ਦੀ ਪੱਤੀ ਜਿੰਨਾ ਵੀ ਵਾਧੂ ਭਾਰ ਨਹੀਂ ਸਹਿੰਦੀ" ਗ਼ਜ਼ਲ ਵਿਧਾ ਦੇ ਵਿਧਾਨ (ਆਰੂਜ਼) ਦਾ ਇਹ ਪ੍ਰਮੁੱਖ ਚਿੰਤਨ ਅਪਣੇ ਆਪ ਵਿੱਚ ਗ਼ਜ਼ਲ ਦੇ ਸਮੁੱਚੇ ਸਿਰਜਣਾ ਮੰਡਲ ਦੀ ਪਛਾਣ ਸੰਭਾਲੀ ਬੈਠਾ ਹੈ। ਗ਼ਜ਼ਲ ਦਾ ਇਹ ਹੌਲਾ-ਫੁੱਲ, ਸਹਿਜ ਅਤੇ ਸੂਖਮ ਖਾਸਾ ਜਦ "ਕਵੀ" ਅੰਦਰ ਜਨਮਦਾ ਹੈ ਤਾਂ ਉਹ ਇਸ ਨਾਲ ਹਮ-ਤਾਲ ਹੁੰਦਿਆਂ ਵਿਸਥਾਰ ਤੋਂ ਸੰਕੋਚ, ਸੰਕੋਚ ਤੋਂ ਸਹਿਜ, ਅਤੇ ਸਹਿਜ ਚੋਂ ਤਾਲ ਤੀਕ ਪੁਜਦਾ ਹੈ। ਲੋਕਾਂ ਨੂੰ ਉਸ ਤਾਲ ਨਾਲ ਜੋੜਨਾ ਲੋਚਦਾ ਹੈ। ਉਹ ਅਪਣੀਆਂ "ਗ਼ਜ਼ਲਾਂ" ਰਾਹੀਂ 'ਹਮਤਾਲ' ਭਾਲਦਾ ਹੈ।

ਜਿਵੇਂ ਨਾਦੀ ਸਵਰ ਹਨ: "ਛ" ਅਤੇ "ਨ"। ਜੁੜ ਕੇ 'ਛਨ' ਬਣਦੇ ਹਨ। "ਛ" ਅਤੇ "ਨ" ਜੁੜ ਕੇ "ਛਨ" ਹੁੰਦਿਆ ਹੀ ਇੱਕ ਅਜਿਹੀ ਤਾਲ ਪੈਦਾ ਕਰ ਦਿੰਦੇ ਹਨ ਜੋ ਅੱਗੋਂ 'ਛਨ ਛਨ ਛਨ ਛਨ' ਕਰਦੀ ਇੱਕ ਨਵਾਂ ਵਾਤਾਵਰਣ ਉਪਜਾਉਂਦੀ ਹੈ। ਸੰਸਾਰ ਸਿਰਜਦੀ ਹੈ। ਗ਼ਜ਼ਲ ਦੀਆਂ ਬਹਿਰਾਂ ਅਤੇ ਉਹਨਾ ਦੇ ਵਜ਼ਨ ਇਵੇਂ ਆਪੋ ਅਪਣੇ ਇੱਕ ਖਾਸ 'ਵਾਤਾਵਰਣ' ਦੇ ਉਰਜਾ ਸਰੋਤ ਹਨ। ਜਿਹਨਾਂ 'ਚ ਵਾਧ ਘਾਟ ਦੀ ਗੁੰਜਾਇਸ਼ ਨਹੀਂ। ਬਹਿਰ ਵਿੱਚ ਹਰ ਇੱਕ ਸਵਰ ਦੀ ਅਪਣੀ ਇੱਕ ਖਾਸ ਮਿਕਦਾਰ ਹੈ। ਨਿਸਚਿਤ ਹੋਂਦ ਹੈ। ਥਾਂ ਹੈ। ਜਿੱਥੇ ਬਹਿਰ ਅਤੇ ਵਜ਼ਨ ਖਿਆਲ ਨੂੰ 'ਸੁਰਤਾਲਦੇ' ਓਥੇ ਕਾਫ਼ੀਆ ਅਤੇ ਰਦੀਫ਼ ਵੱਖੋ ਵੱਖ ਖਿਆਲਾਂ ਵਿੱਚ ਏਕਤਾ ਦਾ ਪ੍ਰਭਾਵ ਸਿਰਜਦੇ ਹਨ। ਹਮਤਾਲ ਪਛਾਣਦੇ ਹਨ। ਮਿਸਾਲ ਵਜੋਂ ਹੇਠ ਲਿਖੇ ਤਾਲ ਦੇਖੋ:

ਛਨ ਛਨ, ਛਨ ਛਨ। ਛਨ ਛਨ,ਛਨ ਛਨ॥1॥

ਛਨਨ ਛਨ, ਛਨਨ ਛਨ। ਛਨਨ ਛਨ, ਛਨਨ ਛਨ॥2॥

ਛਨਾ ਛਨ, ਛਨਾ ਛਨ। ਛਨਾ ਛਨ, ਛਨਾ ਛਨ॥3॥

ਛਨ ਛਨਾ ਛਨ, ਛਨ ਛਨਾ ਛਨ। ਛਨ ਛਨਾ ਛਨ, ਛਨ ਛਨਾ ਛਨ॥4॥

ਛਨ ਛਨ ਛਨਨ ਛਨਨ ਛਨ। ਛਨ ਛਨ ਛਨਨ ਛਨਨ॥5॥

ਇਕ ਤਾਲ ਬਾਵਰੀ ਹੈ। ਹਮਤਾਲ ਭਾਲਦੀ॥

ਹਰੇਕ ਨੂੰ ਉਚਾਰ ਕੇ ਦੇਖੀਏ ਤਾਂ ਹਰੇਕ ਦੀ ਅਪਣੀ ਇੱਕ ਵੱਖਰੀ ਤੋਰ ਹੈ। ਵੇਗ ਹੈ। ਧੁਨ ਹੈ। ਵਾਤਾਵਰਣ ਹੈ। ਪ੍ਰਭਾਵ ਹੈ।ਰਾਹ ਹੈ। ਵੱਖੋ ਵੱਖ ਨਦੀਆਂ ਜਿਵੇਂ ਆਪੋ ਅਪਣੇ ਨਿਸਚਤ ਵਹਾਅ ਅਤੇ ਵੇਗ ਨਾਲ ਸਮੁੰਦਰ ਵਿੱਚ ਸਮਾਉਣ ਲਈ ਬਿਹਬਲ ਹਨ। ਬਾਵਰੀਆਂ ਹਨ।

ਕਵਿਤਾ ਦੇ ਖੇਤਰ 'ਚ ਕੁਝ ਲੋਕ ਅਜਿਹੇ ਵੀ ਹਨ ਜੋ ਇਹਨਾ ਕੁਦਰਤੀ, ਸਹਿਜ, ਅਤੇ ਸੂਖਮ ਵਹਾਵਾਂ ਨੂੰ ਬਹਿਰ, ਵਜ਼ਨ, ਕਾਫ਼ੀਆ, ਰਦੀਫ਼ ਦੀ ਬੰਦਿਸ਼ ਕਹਿੰਦੇ ਹਨ ਅਤੇ ਅਕਸਰ ਇਹਨਾਂ 'ਚ 'ਖੁੱਲਾਂ' ਦੀ ਵਕਾਲਤ ਕਰਦੇ ਰਹਿੰਦੇ ਹਨ। ਪਰ ਹਥਲੇ ਲੇਖ ਦੇ ਪਾਠਕ/ਸਰੋਤੇ ਉਪਰੋਕਤ ਬਿਆਨਾਂ ਤੋਂ ਭਲੀਭਾਂਤ ਮਹਿਸੂਸ ਕਰਨਗੇ ਕਿ ਇਹਨਾਂ ਵਿੱਚ ਕਿਸੇ ਵੀ ਤਰਾਂ ਦੀਆਂ ਖੁੱਲਾਂ ਦੀ ਵਕਾਲਤ ਕਰਨਾ ਕਿਸੇ ਕੁਦਰਤੀ ਵਹਾਅ 'ਚ ਖਲਲ

ਪਾਓਣ ਤੇ ਤੁਲ ਹੈ। ਕਲਲ ਕਲਲ ਵਹਿੰਦੇ ਪਾਣੀਆਂ ਅੱਗੇ ਪੱਥਰ ਧਰਨ ਵਾਂਗ ਅਕਾਵਿਕ ਹੈ। "ਅਰਥ" 'ਚ "ਨ" ਪਾਉਣਾ ਹੈ। "ਅਨਰਥ" ਕਰਨ ਵਾਂਗ ਹੈ।

ਦਿਲਚਸਪ ਗੱਲ ਇਹ ਹੈ ਕਿ ਅਜਿਹੇ 'ਲੋਕ' ਖੁਦ 'ਗ਼ਜ਼ਲ' ਨਹੀਂ ਲਿਖਦੇ। ਪਰ ਇਸ ਵਿੱਚ ਖੁੱਲਾਂ ਦੀ ਵਕਾਲਤ ਕਰਦੇ ਹਨ। ਜਾਂ ਅਜਿਹੇ ਲੋਕ ਹਨ ਹੋ ਗ਼ਜ਼ਲ ਦੇ ਨਾਮ ਤੇ ਤੁਕਬੰਦੀ ਕਰ ਕਰ ਕੇ ਅਪਣੇ ਲਿਖੇ ਨੂੰ 'ਖੁੱਲਾਂ ਵਾਲੀਆਂ ਗ਼ਜ਼ਲਾਂ' ਸਿੱਧ ਕਰਨਾ ਚਾਹੁੰਦੇ ਹਨ। ਇਹ ਅਜਿਹੇ ਲੋਕ ਹਨ ਜੋ ਕਾਵਿ-ਸਾਧਨਾ ਤੋਂ ਭੱਜਦੇ ਹਨ। ਅਪਣੇ ਹਰ 'ਗਲੱਸ਼ੇ' ਹੋਏ ਨੂੰ ਉੱਚਤਮ ਸਹਿਤ ਸਿੱਧ ਕਰਨ ਲਈ ਬਾਜ਼ਿਦ ਹਨ। ਵਧੀਆ ਨਜ਼ਮਾਂ ਅਤੇ ਗੀਤ ਲਿਖਣ ਵਾਲੇ ਅਕਸਰ ਅਪਣੇ ਆਪ ਨੂੰ ਗਜ਼ਲਗੋ ਸਿੱਧ ਕਰਨ ਲਈ ਵੀ ਮਜ਼ਬੂਰੀ ਵੱਸ ਅਜਿਹਾ ਕਰਦੇ ਰਹਿੰਦੇ ਹਨ। ਪਰ ਅਜਿਹੇ ਲੋਕਾਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ 'ਗ਼ਜ਼ਲ' ਜਾਂ 'ਗ਼ਜ਼ਲ' ਹੈ ਜਾਂ ਨਹੀਂ। ਬਹਿਰ ਵਜ਼ਨ ਜਾਂ ਆਰੂਜ਼ ਦੇ ਇਸਦੇ ਖਾਸੇ 'ਚ ਕੋਈ ਖੁੱਲ੍ਹ ਦੀ ਗੁੰਜ਼ਾਇਸ਼ ਨਾ ਸੀ, ਨਾ ਹੈ ਨਾ ਹੋ ਸਕਦੀ ਹੈ।

ਕਲਾ ਦੀਆਂ ਹੋਰ ਵਿਧਾਵਾਂ ਵਾਂਗ 'ਗ਼ਜ਼ਲ' ਦੀ ਵਿਧਾ ਦਾ ਅਪਣਾ ਇੱਕ ਵਿਧਾਨ ਹੈ। ਅਪਣਾ ਖਾਸਾ ਹੈ। ਸੁਭਾਅ ਹੈ। ਜਿਸ ਨਾਲ ਜੁੜਿਆਂ ਹੀ 'ਗ਼ਜ਼ਲਗੋਈ' ਸੰਭਵ ਹੈ। ਮਸਲਨ ਕੋਈ ਇੰਡੀਆ 'ਚ ਕਾਰ ਚਲਾਉਣ ਵਾਲਾ ਕਨੇਡਾ 'ਚ ਆ ਕੇ ਕਾਰ ਤਾਂ ਚਲਾਉਣੀ ਚਾਹੇ ਪਰ ਕਹੇ ਕਿ ਮੈਂ ਇੱਥੇ ਦੇ ਡਰਾਈਵਿੰਗ ਨਿਯਮਾਂ ਨੂੰ ਨਹੀਂ ਮੰਨਦਾ। ਇਹ ਬੇਲੋੜੇ ਹਨ। ਅਤੇ ਮੇਰੇ ਡਰਾਈਵ ਕਰਨ ਦੇ "ਗੁਣ" ਨੂੰ ਸੀਮਤ ਕਰਦੇ ਹਨ। ਅਜਿਹੇ 'ਗੁਣੀਏ' ਅਤੇ ਖਾਸ ਕਰਕੇ ਨਜ਼ਮਾਂ ਲਿਖਣ ਵਾਲੇ ਅਕਸਰ ਇਸੇ ਤਰਜ਼ ਤੇ ਗ਼ਜ਼ਲ ਦਾ ਵਿਰੋਧ ਕਰਦੇ ਹਨ। ਕਿ ਗ਼ਜ਼ਲ ਵਿੱਚ 'ਫਿੱਟ' ਹੁੰਦਿਆਂ ਹੁੰਦਿਆਂ 'ਕਾਵਿ ਫੁਰਨਾ' ਅਕਾਵਿਕ ਹੋ ਜਾਂਦਾ ਹੈ। ਅਜਿਹੀ ਦਲੀਲ 'ਗ਼ਜ਼ਲ ਤੋਂ ਅਣਭਿੱਜਾਂ' ਵਲੋਂ ਹੀ ਦਿੱਤੀ ਜਾ ਸਕਦੀ ਹੈ। ਕਿਉਂਕਿ ਅਜਿਹੇ 'ਦਲੀਲਬਾਜ਼' ਇਸ ਅਹਿਸਾਸ ਤੋਂ ਕੋਰੇ ਹੁੰਦੇ ਹਨ ਕਿ ਜੇ ਕਵੀ 'ਗ਼ਜ਼ਲ' ਦੇ ਸੁਭਾਅ ਨਾਲ ਇਕਮਿਕ ਹੋਇਆ ਹੋਵੇ ਤਾਂ ਫਿਰ 'ਕਾਵਿ ਫੁਰਨੇ' "ਫਿੱਟ" ਨਹੀਂ ਕਰਨੇ ਪੈਂਦੇ ਸਗੋਂ ਸਹਿਜੇ ਹੀ ਕਿਸੇ ਬਹਿਰ ਨਾਲ ਹਮਤਾਲ ਹੋ ਕੇ ਸਹਿਜੇ ਹੀ ਵਹਿਣ ਲੱਗਦੇ ਹਨ। ਪਰ ਇਸ ਪੜਾਅ ਤੀਕ ਪੁਜਣ ਲਈ ਕਾਵਿ-ਸਾਧਨਾ ਦੀ ਲੋੜ ਹੁੰਦੀ ਹੈ। ਤਪੱਸਿਆ ਦਰਕਾਰ ਹੈ। ਸਿੱਖਣ ਲਈ ਤਿਆਰ ਹੋਣਾ ਪੈਂਦਾ ਹੈ। ਜਨਮਸਿੱਧ 'ਉਸਤਾਦੀ' ਦਾਅਵਾ ਛੱਡਣਾ ਪੈਂਦਾ ਹੈ। ਵਿਸਥਾਰ ਦੇ ਭਾਰ ਤੋਂ ਮੁਕਤ ਹੋਣਾ ਪੈਂਦਾ ਹੈ। ਸਹਿਜ ਸਮਾਉਣਾ ਹੁੰਦਾ ਹੈ। ਤਦ ਹੀ ਗ਼ਜ਼ਲ, ਕਵਿਤਾ ਦੀ ਸਿਖਰ ਹੈ। ਕੁੱਜੇ 'ਚ ਸਮੁੰਦਰ ਹੈ। ਨਦੀਆਂ, ਨਦਵਾਹਾਂ, ਅਤੇ ਸਮੁੰਦਰਾਂ ਦੀ ਜਾਨ 'ਨਾਦ' 'ਚ ਵਸੀ ਹੈ।

"ਹਮਸੇ ਪੂਛੋ ਗ਼ਜ਼ਲ ਕਿਆ, ਗ਼ਜ਼ਲ ਕਾ ਫਨ ਕਿਆ
ਚੰਦ ਲਫ਼ਜੋਂ ਮੇਂ ਕੋਈ ਆਗ ਛੁਪੀ ਹੋ ਜੈਸੇ॥"



**ਗ਼ਜ਼ਲ ਨਾਲ ਹਮਤਾਲ ਸਰੋਤੇ, ਪਰਚੇ ਨੂੰ ਮਾਣਦੇ ਹੋਏ।**

# ਰਹਣੁ ਕਿਥਾਊ ਨਾਹਿ

## -ਵਰਿਆਮ ਸੰਧੂ-

'ਰਹਣੁ ਕਿਥਾਊ ਨਾਹਿ' ਪੰਜਾਬੀ ਦੀ ਕਵਿਤਾ ਤਾਂ ਹੈ ਪਰ ਇਕੱਲੇ ਪੰਜਾਬ ਦੀ ਨਹੀਂ। ਇਹ ਕਨੇਡਾ ਦੀ ਕਵਿਤਾ ਵੀ ਨਹੀਂ ਜਿੱਥੇ ਕਵੀ ਰਹਿੰਦਾ ਹੈ। ਇਹ ਵਿਸ਼ਵ ਦੀ ਕਵਿਤਾ ਹੈ। ਵਿਸ਼ਵ ਦੀ ਕਵਿਤਾ ਬਣਨ ਲਈ ਜਿਸ ਵਿਸ਼ਵ ਦ੍ਰਿਸ਼ਟੀ ਦੀ ਲੋੜ ਹੈ, ਉਸਨੂੰ ਪ੍ਰਾਪਤ ਕਰਨ ਲਈ ਕਿਸੇ ਵਿਸ਼ੇਸ਼ ਟੱਬਰ, ਸਮੂਹ, ਨਸਲ, ਜਾਤ, ਧਰਮ, ਫ਼ਿਰਕੇ, ਕੌਮ ਜਾਂ ਦੇਸ਼ ਦੀ ਸਤਹ ਤੋਂ ਉੱਪਰ ਉੱਠਣਾ ਪੈਂਦਾ ਹੈ। ਸਤਹ ਤੋਂ ਉਪਰ ਉੱਠ ਕੇ ਵੇਖਣ ਨਾਲ ਉਸਨੂੰ ਸਾਰੀ ਧਰਤੀ ਦਿਸਦੀ ਹੈ। ਇਸ ਧਰਤੀ ਵਿੱਚ ਪੰਜਾਬ ਵੀ ਹੈ; ਗੁਜਰਾਤ, ਕਸ਼ਮੀਰ, ਇਰਾਕ, ਨਿਊਯਾਰਕ ਤੇ ਵਾਸ਼ਿੰਗਟਨ ਵੀ ਹਨ। ਕਨੇਡਾ ਵੀ ਹੋਵੇਗਾ।

ਅਸਮਾਨੀ ਨਜ਼ਰਾਂ ਨਾਲ ਸ਼ਾਇਰ ਜਦੋਂ 'ਧਿਆਨ ਧਰ ਕੇ' ਵੇਖਦਾ ਹੈ ਤਾਂ ਉਸਨੂੰ ਧਰਤੀ 'ਤੇ ਵੱਡੇ ਵੱਡੇ ਖ਼ੂਨ ਦੇ ਧੱਬੇ ਦਿਖਾਈ ਦਿੰਦੇ ਹਨ, ਅੱਗ ਦੀਆਂ ਮੱਚਦੀਆਂ ਲਾਟਾਂ ਦਿਸਦੀਆਂ ਹਨ। ਉਹ ਤਾਂ ਧਰਤੀ 'ਤੇ ਰਹਿਣ ਲਈ, ਜਿਊਣ, ਹੋਣ ਅਤੇ ਥੀਣ ਲਈ ਥਾਂ ਦੀ ਤਲਾਸ਼ ਵਿੱਚ ਹੈ; ਪਰ ਧਰਤੀ ਤਾਂ ਲਟ-ਲਟ ਬਲ ਰਹੀ ਹੈ। ਪੈਰ ਧਰਨ ਨੂੰ ਕਿਧਰੇ ਥਾਂ ਨਹੀਂ ਦਿਸਦਾ, ਸਿਰ ਲੁਕਾਉਣ ਨੂੰ ਕੋਈ ਠਾਹਰ ਨਹੀਂ ਲੱਭਦੀ। ਚੁਫ਼ੇਰੇ ਰੂਹ-ਚੀਰਵਾਂ ਤੇ ਕੰਨ ਪਾੜਵਾਂ ਸ਼ੋਰ ਹੈ। ਬਘਿਆੜਾਂ ਦੀਆਂ ਚੰਘਾੜਾਂ ਹਨ, ਲੇਲਿਆਂ ਦੀਆਂ ਲਿਲਕੜੀਆਂ ਹਨ। ਜਾਨ ਦੀ ਖ਼ੈਰ ਮੰਗਦੇ ਜੁੜੇ, ਕੰਬਦੇ ਬੇਬੱਸ ਹੱਥ ਹਨ, ਬੇਬੋਲ ਬੁੱਲ੍ਹ ਹਨ।

'ਉੱਚੇ ਚੜ੍ਹ ਕੇ' 'ਘਰ ਘਰ ਮੱਚਦੀ ਅੱਗ' ਵੇਖਣ ਦੀ 'ਪ੍ਰਾਪਤੀ' ਦਾ ਸ਼ਾਇਰ ਨੂੰ ਕੁੱਝ ਤਾਂ ਮੁੱਲ ਤਾਰਨਾ ਹੀ ਪੈਣਾ ਸੀ। ਸਤਹ ਤੋਂ ਉੱਪਰ ਉੱਠ ਕੇ ਬਲਦੀ ਹੋਈ ਸਾਰੀ ਧਰਤੀ ਨੂੰ ਵੇਖਣ ਨਾਲ ਉਸਦਾ ਮਨ ਉਦਾਸਿਆ ਜਾਂਦਾ ਹੈ। ਉਹ ਇਸ ਭਿਆਨਕ ਦ੍ਰਿਸ਼ ਨੂੰ ਅੱਖਾਂ ਵਿੱਚ ਸਮੋ ਕੇ ਨਜ਼ਰਾਂ ਨੀਵੀਆਂ ਕਰਦਾ ਹੈ, ਆਪਣੀਆਂ ਜੜ੍ਹਾਂ ਵੱਲ ਵੇਖਦਾ ਹੈ; ਆਸਰੇ ਲਈ ਆਪਣੀ ਵਿਰਾਸਤ ਵੱਲ ਝਾਕਦਾ ਹੈ। ਆਪਣੇ ਬਾਬਿਆਂ ਦੇ ਬੋਲਾਂ ਅਤੇ ਬਾਹਵਾਂ ਤੋਂ ਤਾਕਤ ਅਤੇ ਨੇਤਰਾਂ 'ਚੋਂ ਜੋਤ ਮੰਗਦਾ ਹੈ।

ਧਰਤੀ ਤਾਂ ਉਸਦੇ ਬਾਬਿਆਂ ਨੂੰ ਵੀ ਇਸਤਰ੍ਹਾਂ ਦੀ ਹੀ ਨਜ਼ਰ ਆਈ ਸੀ। ਉਹਨਾਂ ਨੂੰ ਵੀ ਇਹ ਧਰਤੀ ਕਦੋਂ ਰਹਿਣ ਯੋਗ ਥਾਂ ਲੱਗੀ ਸੀ! ਫ਼ਰੀਦ ਨੂੰ ਚਾਰੇ ਕੂਟਾਂ ਭੌਣ 'ਤੇ ਵੀ ਏਥੇ ਰਹਿਣ ਲਈ ਕੋਈ ਥਾਂ ਨਹੀਂ ਲੱਭਦਾ। ਸ਼ਾਇਰ ਜਿਹੜੇ ਗੁਰੂ ਨਾਨਕ ਵਰਗਾ ਹੋਣਾ ਚਾਹ ਰਿਹਾ ਹੈ, ਓਸੇ ਦੀ ਹਾਲਤ ਹੀ ਤਾਂ ਭਾਈ ਗੁਰਦਾਸ ਬਿਆਨ ਕਰਦਾ ਹੈ, "ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿਖ ਆਈ।" ਸੁਖਪਾਲ ਉਹਨਾਂ ਬਾਬਿਆਂ ਦਾ ਹੀ ਪੁਤ-ਪੋਤਰਾ ਹੈ। ਉਸਨੂੰ ਵੀ ਤਦੇ ਹੀ 'ਜਲਤੀ ਪ੍ਰਿਥਮੀ' ਦਿਸਦੀ ਹੈ। 'ਜਲਤੀ ਪ੍ਰਿਥਮੀ' ਦੇ ਦਰਦ ਨੂੰ ਜਾਨਣ ਤੇ ਸਮਝਣ ਲਈ ਉਹ ਆਪਣੇ ਆਪ ਤੋਂ ਬਾਹਰ ਨਿਕਲ ਕੇ ਗਲੋਬ ਤੱਕ ਫ਼ੈਲ ਗਿਆ ਹੈ। ਵਿਸ਼ਾਲ ਦਿਲ, ਵਿਸ਼ਾਲ ਦ੍ਰਿਸ਼ ਤੇ ਵਿਸ਼ਾਲ ਦ੍ਰਿਸ਼ਟੀ। ਦੁਨੀਆਂ ਦੇ ਕਿਸੇ ਕੋਨੇ ਵਿੱਚ ਕਿਸੇ ਬੰਦੇ 'ਤੇ ਵੀ ਗੋਲੀ ਚੱਲਦੀ ਹੈ, ਜ਼ਖ਼ਮ ਉਸਦੀ ਛਾਤੀ ਵਿੱਚ ਹੁੰਦਾ ਹੈ। ਉਹ ਆਪਣੀ ਸ਼ਾਇਰੀ ਰਾਹੀਂ ਸਭ ਨਾਲ ਇਸ ਜ਼ਖ਼ਮ ਦੀ ਪੀੜ ਸਾਂਝੀ ਕਰ ਰਿਹਾ ਹੈ। ਕੋਈ ਅਜਿਹਾ ਥਾਂ ਢੂੰਡ ਰਿਹਾ ਹੈ ਜਿੱਥੇ ਰਿਹਾ ਜਾ ਸਕੇ, ਸਾਹ ਲਿਆ ਜਾ ਸਕੇ, ਜੀਆ ਜਾ ਸਕੇ।

ਉਸ ਕੋਲ ਫ਼ਰੀਦ ਦੀ ਜ਼ਬਾਨ ਤੇ ਨਾਨਕ ਦੀ ਨਜ਼ਰ ਹੈ;

ਏਸੇ ਲਈ ਸ਼ਾਇਦ ਉਸਦੀ ਨਜ਼ਮ ਪੁਰ-ਅਸਰ ਹੈ।

ਲੱਗੀ ਅੱਗ ਨੂੰ ਵੇਖ ਕੇ ਉਸਦੇ ਇਹ ਵਡੇਰੇ ਉਦਾਸ ਤਾਂ ਹੋਏ ਸਨ ਪਰ ਉਹਨਾਂ ਨੇ ਦਿਲ ਨਹੀਂ ਸੀ ਹਾਰਿਆ। ਲੰਮੀ ਲੜਾਈ ਲੜੀ ਸੀ, ਉਮਰ ਭਰ; ਪੀੜ੍ਹੀ ਦਰ ਪੀੜ੍ਹੀ। ਇਹ ਲੜਾਈ ਲੜਨ ਲਈ ਉਹਨਾਂ ਕੋਲ ਕਵਿਤਾ ਦਾ ਹਥਿਆਰ ਸੀ, ਸ਼ਬਦ ਦੀ ਤਾਕਤ ਸੀ। ਸ਼ਾਇਰ ਆਪਣੇ ਵਡੇਰਿਆਂ ਤੋਂ ਸ਼ਬਦਾਂ ਦੇ ਚਿਰਾਗ਼ ਲੈਂਦਾ ਹੈ। ਉਹਨਾਂ ਨੂੰ 'ਪਲਕਾਂ ਦੀ ਛਾਵੇਂ" ਮਹਿਫ਼ੂਜ਼ ਰੱਖਦਾ ਹੈ ਤੇ ਹੌਲੀ ਹੌਲੀ ਆਪਣੀ ਰੂਹ ਵਿੱਚ ਬਾਲਦਾ ਹੈ। ਰੂਹ ਵਿੱਚ ਬਲਦੀ ਰੌਸ਼ਨੀ ਲੈ ਕੇ ਉਹ ਹਨੇਰਿਆਂ ਵਿਚ ਆਪਣੇ ਹਿੱਸੇ ਦੀ ਰਿਲੇ-ਰੇਸ ਦੌੜਨ ਲੱਗਦਾ ਹੈ। ਦੌੜਨ ਦੇ ਯਤਨ ਵਿਚ ਪਤਾ ਚੱਲਦਾ ਹੈ ਉਸਦੇ ਪੈਰਾਂ ਵਿੱਚ ਤਾਂ ਜ਼ੰਜੀਰਾਂ ਹਨ, ਉਹ ਤਾਂ ਜਕੜਿਆ ਪਿਆ ਹੈ। ਉਸਦੇ ਪੈਰਾਂ ਨਾਲ ਤਾਂ ਹਿਮਾਲਾ ਬੱਧਾ ਹੋਇਆ ਹੈ। ਰੂਹ ਵਿੱਚ ਬਲਦੇ ਚਿਰਾਗ਼ਾਂ ਦੀ ਰੌਸ਼ਨੀ ਵਿੱਚ ਉਹ ਆਪਣੇ ਦਵਾਲੇ ਬੁਣੇ ਫ਼ਿਰਕਿਆਂ, ਧਰਮਾਂ, ਰਾਜਨੀਤੀ, ਮੰਡੀ ਦੀਆਂ ਜ਼ੰਜੀਰਾਂ ਦੀ ਕੱਸ ਨੂੰ ਵੇਖਦਾ ਹੈ, ਮਹਿਸੂਸਦਾ ਹੈ। ਤੜਪਦਾ ਹੈ, ਛਟਪਟਾਉਂਦਾ ਹੈ। ਇਸ ਜਕੜ ਤੋਂ ਮੁਕਤ ਹੋਣ ਲਈ ਉਹ ਕੂਕਾਂ ਮਾਰਦਾ ਹੈ।

ਉਸਦੀਆਂ ਇਹ ਕੂਕਾਂ ਕਵਿਤਾ ਬਣ ਜਾਂਦੀਆਂ ਹਨ। ਇਹ ਕੂਕਾਂ ਗੁੰਗਿਆਂ ਲਈ ਜ਼ਬਾਨ ਹਨ, ਬੋਲਿਆਂ ਲਈ ਆਵਾਜ਼ ਹਨ, ਬੇਬਸਾਂ ਤੇ ਹਾਰਿਆਂ ਲਈ ਵੰਗਾਰ ਹਨ, ਟੁੰਡਿਆਂ ਲਈ ਹਥਿਆਰ ਹਨ। ਇਸਤਰ੍ਹਾਂ ਕਵਿਤਾ ਆਪਣੀ ਲੜਾਈ ਲੜਦੀ ਹੈ। ਆਪਣੇ ਲਈ ਰਾਹ ਬਣਾਉਂਦੀ ਹੈ, ਪੈਰ ਧਰਨ ਨੂੰ ਥਾਂ ਲੱਭਦੀ ਹੈ; ਸਾਹ ਲੈਣ ਨੂੰ ਹਵਾ ਲੱਭਦੀ ਹੈ।

ਸ਼ਾਇਰ ਨੂੰ ਫ਼ਿਕਰ ਨਹੀਂ ਕਿ ਉਹ ਸਦੀਵੀ-ਮੁੱਲ ਜਾਂ ਮਹੱਤਵ ਵਾਲੀ ਕਵਿਤਾ ਲਿਖੇ ਜਿਸਦਾ ਕਿਸੇ ਨੇ 'ਸੌ ਸਾਲ ਬਾਅਦ ਮੁੱਲ ਪਾਉਣਾ ਹੈ!' ਉਹ ਤਾਂ ਹੁਣ ਦੀ ਗੱਲ ਕਰਦਾ ਹੈ। 'ਹੁਣ' ਦੇ ਮਸਲਿਆਂ ਬਾਰੇ ਲਿਖੀ ਕਵਿਤਾ ਨੂੰ ਹੁਣੇ ਹੀ ਮਰ-ਮੁੱਕ ਜਾਣ ਵਾਲੀ ਕਵਿਤਾ ਆਖਣ ਵਾਲਿਆਂ ਨੂੰ ਸ਼ਾਇਦ ਪਤਾ ਨਹੀਂ ਕਿ ਲੜਦੀ ਹੋਈ ਕਵਿਤਾ ਕਦੀ ਮਰਦੀ ਨਹੀਂ ਸਗੋਂ ਅਕਾਲ ਹੋ ਜਾਂਦੀ ਹੈ। 'ਬਾਬਰਵਾਣੀ' ਹੋ ਜਾਂਦੀ ਹੈ। ਸੁਖਪਾਲ ਦੀ ਕਵਿਤਾ ਹੁਣ ਦੇ 'ਬਾਬਰਾਂ' ਨਾਲ ਲੜਦੀ ਹੈ ਤੇ ਹੁਣੇ ਹੀ ਅੱਗ ਬੁਝਾਉਣ ਦਾ ਹੋਕਾ ਦਿੰਦੀ ਹੈ। ਜੇ ਹੁਣ ਕੁੱਝ ਨਾ ਕੀਤਾ ਤਾਂ ਸੌ ਸਾਲ ਬਾਅਦ ਪਤਾ ਨਹੀਂ ਕੋਈ ਮੁੱਲ ਪਾਉਣ ਵਾਲਾ ਬਚੇ ਵੀ ਜਾਂ ਨਾ, ਹੋਵੇ ਵੀ ਜਾਂ ਨਾ। ਉਸਦੇ ਗੁਰੂ ਨੇ ਤਾਂ ਉਸਨੂੰ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਪਾਠ ਪੜ੍ਹਾਇਆ ਹੈ। ਨਾਨਕ ਹੋਣ ਲਈ ਉਸਦੀ ਬਾਣੀ ਅਤੇ ਅਮਲਾਂ 'ਤੇ ਅਮਲ ਕਰਨਾ ਵੀ ਜ਼ਰੂਰੀ ਹੈ।

ਏਸੇ ਲਈ ਸ਼ਾਇਰ ਹੱਥਲੀ ਜ਼ਿੰਮੇਵਾਰੀ ਨੂੰ ਸਵੇਰ ਤੱਕ ਵੀ ਮੁਲਤਵੀ ਨਹੀਂ ਕਰਨਾ ਚਾਹੁੰਦਾ। ਸੌਂ ਕੇ ਉਠਣ ਬਾਅਦ ਵੀ ਜੇ ਹਾਲਾਤ ਅਜਿਹੇ ਹੀ ਮਰਨ-ਹਾਰ ਹੋਣੇ ਹਨ ਤਾਂ ਇਹਨਾਂ ਨੂੰ ਜਿਊਣ-ਹਾਰ ਬਨਾਉਣ ਲਈ ਆਪਣੀ ਜ਼ਿੰਮੇਵਾਰੀ ਹੁਣੇ, ਸੌਣ ਤੋਂ ਪਹਿਲਾਂ, ਹੀ ਕਿਉਂ ਨਾ ਨਿਭਾਈ ਜਾਵੇ! ਵੇਖਣ ਨੂੰ ਉਹ ਮੌਤ, ਅਨਿਆਂ, ਕਤਲੋ-ਗ਼ਾਰਤ ਤੇ ਡੁੱਲ੍ਹਦੇ ਨਿਰਦੋਸ਼ ਲਹੂ ਦੇ ਦ੍ਰਿਸ਼ ਪੇਸ਼ ਕਰਦਾ ਹੈ ਪਰ ਅਸਲ ਵਿੱਚ ਉਹ ਜ਼ਿੰਦਗੀ, ਨਿਆਂ ਅਤੇ ਮੁਹੱਬਤ ਦੇ ਖਿੜਦੇ ਰੰਗਾਂ ਨੂੰ ਮਾਨਣ ਲਈ ਮਾਹੌਲ ਤਿਆਰ ਕਰ ਰਿਹਾ ਹੈ।

ਇਸ ਮਕਸਦ ਲਈ ਉਹ ਸਭ ਤੋਂ ਪਹਿਲਾਂ ਲੀਕ ਖਿੱਚ ਕੇ ਇੱਕ ਪਾਸੇ ਖਲੋਂਦਾ ਹੈ ਤੇ ਨ-ਧਿਰਿਆਂ ਦੀ ਧਿਰ ਬਣਕੇ ਜੂਝਣ ਦਾ ਐਲਾਨ ਕਰਦਾ ਹੈ। ਮੰਡੀ ਦੀ ਵਸਤ ਬਣਿਆ ਮਨੁੱਖ ਆਪਣੇ ਖੋਲ ਵਿੱਚ ਸਿਮਟਦਾ ਜਾ ਰਿਹਾ ਹੈ, ਉਹ 'ਨੰਬਰ, ਗਿਣਤੀ ਤੇ ਵੋਟ' ਵਿਚ ਵਟ ਗਿਆ ਹੈ। ਉਸਦੀ ਮਾਨਵੀ ਪਛਾਣ ਗਵਾਚ ਗਈ ਹੈ। ਸ਼ਾਇਰ ਆਪਣੇ ਦੁਆਲੇ ਜੁੜੀ ਬੇਬੋਲ ਤੇ ਬੇਚਿਹਰਾ ਭੀੜ ਨੂੰ ਉਸਦੇ ਗਵਾਚੇ ਬੋਲ ਬਖ਼ਸ਼ ਰਿਹਾ ਹੈ ਤੇ ਤਿੜਕੇ ਚਿਹਰੇ ਨੂੰ ਉਸਦੀ ਨੁਹਾਰ ਦੇ ਰਿਹਾ ਹੈ। ਟੁੱਟ ਤਿੜਕ ਕੇ ਕੀਚਰਾਂ ਹੋਏ ਮਾਨਵੀ ਚਿਹਰੇ ਦੇ ਟੁਕੜੇ ਥਾਂ ਸਿਰ ਜੋੜਨ ਦੇ ਅਮਲ ਨੂੰ ਮੁਕੰਮਲ ਕਰਨ ਲਈ ਹਰ ਦੁਖ-ਸੁਖ ਵਿੱਚ ਆਪਸ ਵਿੱਚ ਜੁੜਨਾ ਪੈਣਾ ਹੈ। ਜਦੋਂ ਵੀ ਕਿਸੇ ਨਾਲ ਜਬਰ, ਅਨਿਆਂ, ਧੱਕਾ ਜਾਂ ਧੋਖਾ ਹੋ ਰਿਹਾ ਹੋਵੇ ਤਾਂ ਉਹ ਉਸ ਇਕੱਲੇ ਦਾ ਹੀ ਜਾਤੀ ਮਸਲਾ ਨਹੀਂ। ਇਹ ਮਸਲਾ ਸਮੁਚੀ ਮਨੁੱਖੀ ਜਾਤ ਦਾ ਹੈ। ਜੇ ਮਨੁੱਖੀ ਜਾਤ ਨੇ ਜਿਊਂਦੀ ਰਹਿਣਾ ਹੈ ਤਾਂ ਉਸਨੂੰ ਆਪਣੀ ਜਾਤ ਦੇ ਖੋਲ ਵਿਚੋਂ ਬਾਹਰ ਆਉਣਾ ਪੈਣਾ ਹੈ। ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਜਿਹੀਆਂ ਹੋਂਦਾਂ ਵਿਚੋਂ ਬਾਹਰ ਨਿਕਲਣਾ ਪੈਣਾ ਹੈ। ਮਨੁੱਖਾ ਜਾਤ ਬਣਨ ਲਈ ਮਨੁੱਖ ਬਣਨਾ ਬਣਨਾ ਪੈਣਾ ਹੈ। ਮਨੁੱਖ ਬਣਨ ਲਈ ਰੱਬ ਬਣਨਾ ਪੈਣਾ ਹੈ। ਕੇਵਲ ਉਦੋਂ ਹੀ ਅਹਿਸਾਸ ਹੋਏਗਾ ਕਿ ਕੋਈ ਵੀ ਮਸਲਾ ਕਿਸੇ ਹੋਰ ਦਾ ਨਹੀਂ ਸਗੋਂ ਤੁਹਾਡਾ ਆਪਣਾ ਹੀ ਹੈ। ਤੇ ਕੋਈ ਵੀ ਮਸਲਾ ਕਿਸੇ ਤਰ੍ਹਾਂ ਛੋਟਾ ਜਾਂ ਨਿਗੂਣਾ ਵੀ ਨਹੀਂ। ਜੇ ਮਸਲਾ ਸਮਝ ਕੇ ਕਿਸੇ ਹੋਰ ਦਾ ਚੁੱਪ ਜਾਂ ਖ਼ਾਮੋਸ਼ ਰਹਾਂਗੇ ਤਾਂ ਕੱਲ੍ਹ ਨੂੰ ਉਹ 'ਛੋਟਾ' ਮਸਲਾ 'ਵੱਡਾ' ਪਹਾੜੀ-ਭਾਰ ਬਣ ਕੇ ਤੁਹਾਡੇ ਆਪਣੇ ਸਿਰ 'ਤੇ ਆਣ ਟਿਕੇਗਾ। ਉਦੋਂ ਫੇਰ ਤੁਹਾਡਾ ਭਾਰ ਵੰਡਾਉਣ ਵਾਲਾ ਵੀ ਕੋਈ ਨਹੀਂ ਹੋਵੇਗਾ। ਇਸ ਲਈ ਸੰਵੇਦਨਾ ਨੂੰ ਹਰ ਪਲ ਸੁੰਨ ਹੋਣ ਤੋਂ ਬਚਾਉਣ ਦੀ ਲੋੜ ਹੈ। ਇਹ ਲੋੜ ਇੱਕ ਦੂਜੇ ਤੋਂ ਟੁੱਟ ਕੇ ਨਹੀਂ ਇੱਕ ਦੂਜੇ ਨਾਲ ਜੁੜ ਕੇ ਹੀ ਪੂਰੀ ਹੋਣੀ ਹੈ।

ਸਾਡੇ ਟੁਟਣ-ਤਿੜਕਣ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਅਸੀਂ ਆਪਣੀ ਸਜਿੰਦ ਵਿਰਾਸਤ ਨਾਲੋਂ ਨਾਤਾ ਤੋੜ ਲਿਆ। ਇਤਿਹਾਸ ਨੂੰ ਆਪਣੇ ਹੀ ਅਰਥ ਦੇ ਕੇ ਵਡੇਰਿਆਂ ਦੇ ਇਤਿਹਾਸ ਨਾਲੋਂ ਆਪਣੇ ਆਪ ਨੂੰ ਵਿਜੋਗ ਲਿਆ। ਇਤਿਹਾਸ ਦੇ ਗਵਾਚ ਗਏ ਪਰ ਸਹੀ ਅਰਥਾਂ ਨਾਲ ਜੁੜਨ ਲਈ ਹੀ ਸ਼ਾਇਰ ਨਾਨਕ ਬਣਨ ਲਈ ਅਹੁਲ ਰਿਹਾ ਹੈ। ਸ਼ਬਦ ਹੀ ਕਵਿਤਾ ਦਾ ਹਥਿਆਰ ਹੁੰਦੇ ਹਨ। ਬਾਬਾ ਨਾਨਕ ਵੀ ਜਿੱਥੇ ਜਾ ਕੇ ਵਿਚਾਰਧਾਰਕ ਲੜਾਈ ਲੜਦਾ ਸੀ ਤਾਂ ਪਹਿਲਾਂ 'ਸ਼ਬਦ-ਗਾਇਨ' ਹੀ ਕਰਦਾ ਸੀ। ਬਲਦੀ ਧਰਤੀ 'ਤੇ ਜਿੱਥੇ ਜਿੱਥੇ ਸ਼ਬਦ ਟਿਕਦਾ ਹੈ ਓਥੇ ਓਥੇ ਪੈਰ ਧਰਨ ਲਈ ਥਾਂ ਬਣਦੀ ਜਾਂਦੀ ਹੈ।

ਨਾਨਕ ਨਾਲ ਜੁੜਨ ਕਰ ਕੇ ਸੁਖਪਾਲ ਨਾਨਕ ਦੇ 'ਵਾਰਸਾਂ' ਵੱਲੋਂ ਬਣਾਈ ਪਹਿਲ-ਦੂਜ ਨੂੰ ਮੁੜ ਬਦਲ ਦਿੰਦਾ ਹੈ। ਉਹ 'ਪ੍ਰਿਥਮੈ ਭਗਾਉਤੀ' ਨੂੰ ਨਹੀਂ ਸਗੋਂ ਨਾਨਕ ਨੂੰ, ਸ਼ਬਦ ਨੂੰ ਧਿਆਉਂਦਾ ਹੈ। ਖ਼ਤਰਨਾਕ ਗੱਲ ਕਰਦਾ ਹੈ, ਪਰ ਠੀਕ ਕਰਦਾ ਹੈ। ਇਸ 'ਖੁਨਾਮੀ' ਲਈ ਉਸਨੂੰ 'ਅਕਾਲ-ਤਖ਼ਤ' 'ਤੇ ਪੇਸ਼ ਹੋਣਾ ਪੈ ਸਕਦਾ ਹੈ! ਉਹ ਉਸ ਅਕਾਲ ਤਖ਼ਤ

ਨੂੰ ਨਤਮਸਤਕ ਹੁੰਦਾ ਹੋਇਆ ਵੀ ਆਪਣੇ ਅੰਦਰ ਸਿਰਜੇ ਅਕਾਲ-ਤਖ਼ਤ ਅੱਗੇ ਸੱਚਾ ਰਹਿਣ ਲਈ ਦ੍ਰਿੜ੍ਹ ਹੈ।

ਉਸਨੂੰ ਪਤਾ ਹੈ ਉਸਦਾ ਗੁਰੂ ਉਸਦੇ ਨਾਲ ਹੈ, 'ਸਿੱਖ' ਭਾਵੇਂ ਨਾ ਵੀ ਹੋਣ! ਸ਼ਬਦ-ਵਿਹੂਣੀ ਤਲਵਾਰ ਮਰਨ ਵਾਲੇ ਨੂੰ ਤਾਂ ਮਾਰਦੀ ਹੀ ਹੈ, ਪਰਤਵੇਂ ਰੂਪ ਵਿੱਚ ਮਾਰਨ ਵਾਲੇ ਨੂੰ ਵੀ ਮਾਰ ਦਿੰਦੀ ਹੈ। ਸ਼ਬਦ ਤੋਂ ਸੱਖਣਾ ਤਲਵਾਰ ਦਾ ਵਾਰ ਅੰਨ੍ਹਾ ਹੁੰਦਾ ਹੈ। ਤਲਵਾਰ ਨੂੰ ਸੁਜਾਖਾ ਸ਼ਬਦ ਦੀ ਪਾਣ ਨੇ ਹੀ ਕਰਨਾ ਹੈ।

ਅਸੀਂ ਹੁਣ ਤੱਕ ਸ਼ਬਦ-ਸੱਖਣੀ ਤਲਵਾਰ 'ਤੇ ਮਾਣ ਕਰਦੇ ਮਰਦੇ-ਮਾਰਦੇ ਆਏ ਹਾਂ। ਤਬਾਹ ਕਰਦੇ ਆ ਰਹੇ ਹਾਂ, ਤਬਾਹ ਹੁੰਦੇ ਆ ਰਹੇ ਹਾਂ। 'ਬਾਣੀ' ਭੁੱਲ' ਕੇ 'ਬਾਜ਼' 'ਤੇ ਮਾਣ ਕਰਦੇ ਆਏ ਹਾਂ; ਸਿਰਫ਼ 'ਸਿਪਾਹੀ' ਰਹਿ ਗਏ 'ਸੰਤ' ਨੂੰ ਕਿਧਰੇ ਅਧਵਾਟੇ ਹੀ ਛੱਡ ਆਏ। ਜ਼ਖ਼ਮ ਲਾਉਣਾ ਜਾਣਦੇ ਹਾਂ, ਮਲ੍ਹਮ ਲਾਉਣਾ ਭੁੱਲ ਗਏ। ਸੁਖਪਾਲ ਸਾਨੂੰ ਬਾਣੀ ਚੇਤੇ ਕਰਾਉਂਦਾ ਹੈ, ਸਾਡੇ ਅੰਦਰ ਸੁੱਤੇ ਸੰਤ ਨੂੰ ਜਗਾ ਕੇ ਸਾਡੇ ਹੱਥ ਵਿੱਚ ਮਲ੍ਹਮ ਵਾਲੀ ਡੱਬੀ ਫੜਾਉਂਦਾ ਹੈ।

ਹਰ ਵੇਲੇ ਤਲਵਾਰ ਦੇ ਸਿਮਰਨ ਨੇ ਬਖ਼ਸ਼ਿੰਦ ਗੁਰੂ ਵੱਲੋਂ ਬਖ਼ਸ਼ੀ 'ਖ਼ਿਮਾਂ ਕਰਨ ਦੀ ਦਾਤ' ਵੀ ਸਾਨੂੰ ਭੁਲਾ ਛੱਡੀ ਹੈ। ਅਸੀਂ 'ਬਦਲਾ ਲੈਣ' ਵਿਚ ਹੀ ਫ਼ਖ਼ਰ ਮਹਿਸੂਸ ਕਰਦੇ ਹਾਂ ਅਤੇ ਫੇਰ ਲਏ ਹੋਏ ਬਦਲਿਆਂ ਦੀਆਂ ਵਾਰਾਂ ਗਾਉਂਦੇ ਹਾਂ। ਸੈਂਕੜੇ ਸਾਲਾਂ ਤੋਂ ਅਸੀਂ ਬਦਲੇ ਦੀ ਸਿਆਸਤ ਕਰ ਰਹੇ ਹਾਂ। ਇਕ ਦੂਜੇ ਦਾ ਸਿਰ ਵੱਢਣ ਵੱਢਣ ਖੇਡ ਰਹੇ ਹਾਂ। ਸੱਤਾ ਬਦਲਣ ਨਾਲ ਕਾਤਲ ਅਤੇ ਮਕਤੂਲ ਦੀ ਦਿੱਖ ਬਦਲ ਜਾਂਦੀ ਹੈ। ਬਘਿਆੜ ਲੇਲਾ ਬਣ ਜਾਂਦਾ ਹੈ ਤੇ ਲੇਲਾ ਬਘਿਆੜ। ਇਹਨਾਂ ਬਘਿਆੜਾਂ ਦੇ ਨਕਸ਼ ਗਜ਼ਨਵੀਆਂ, ਬਾਬਰਾਂ, ਔਰੰਗਜ਼ੇਬਾਂ, ਮੋਦੀਆਂ, ਅਡਵਾਨੀਆਂ, ਤੋਗੜੀਆਂ ਨਾਲ ਮਿਲਦੇ ਹਨ। ਮਰਦੇ ਤਾਂ ਹਜ਼ਾਰਾਂ ਸਾਲਾਂ ਤੋਂ ਬੇਬੱਸ ਤੇ ਬੇਕਸੂਰ ਲੋਕ ਹੀ ਰਹੇ ਹਨ। ਬਘਿਆੜ ਤਾਂ ਉਦੋਂ ਵੀ ਤਖ਼ਤਾ 'ਤੇ ਬੈਠੇ ਗਰਜਦੇ ਸਨ, ਹੁਣ ਤਖ਼ਤਾ ਦੀ ਲੜਾਈ ਲਈ ਝੱਗ ਸੁੱਟਦੇ ਹਨ।

ਅਸੀਂ 'ਬਦਲਾ ਲੈ ਕੇ ਕੱਟੇ ਹੋਏ ਸਿਰ' ਆਪਣੀ ਹਿੱਕ 'ਤੇ ਤਮਗ਼ਿਆਂ ਵਾਂਗ ਸਜਾ ਰੱਖੇ ਹਨ। ਇਹਨਾਂ ਤਮਗ਼ਿਆਂ ਦੀ ਚਮਕ ਨਾਲ ਚੁੰਧਿਆਈ ਸਾਡੀ ਨਜ਼ਰ ਨੂੰ ਸਾਡੇ ਗੁਰੂ ਦਾ ਚਿਹਰਾ ਦਿਸਣੋ ਹਟ ਗਿਆ ਹੈ। ਸੁਖਪਾਲ ਅਜਿਹੀ ਨਜ਼ਰ-ਖੋਹਣੀ ਤਲਵਾਰ ਨੂੰ ਖੁੰਢੀ ਕਰ ਕੇ, ਉਸਦੀ ਨੋਕ ਤੋੜ ਕੇ ਉਸਨੂੰ ਮਿਆਨ ਵਿਚ ਬੰਦ ਕਰ ਦੇਣ ਦੀ ਸਲਾਹ ਦਿੰਦਾ ਹੈ। ਇਹ ਸਲਾਹ ਉਸਨੂੰ ਉਸਦੇ ਗੁਰੂ ਨੇ ਹੀ ਦਿੱਤੀ ਹੈ। ਉਹ ਗੁਰੂ ਦੇ ਇਸ ਮੱਤ ਨੂੰ ਆਪਣਾ ਬਣਾ ਕੇ ਆਪਣੀ ਪਹਿਲੀ ਕਵਿਤਾ ਵਜੋਂ ਪੁਸਤਕ ਵਿਚ ਦਰਜ ਕਰਦਾ ਹੈ। ਉਸਦਾ ਗੁਰੂ ਹੀ ਤਲਵਾਰ ਵਾਹੁਣ ਵਾਲੇ ਹੱਥ ਨੂੰ ਮੁਆਫ਼ ਕਰ ਸਕਦਾ ਹੈ।

ਦਾਦੀ ਨੇ ਪੰਜਾਬੀ ਦੀ ਪਹਿਲ-ਪਲੱਕੜੀ 'ਚਿੜੀ-ਕਾਂ' ਦੀ ਬਾਤ ਮੇਰੀ ਪੋਤੀ ਨੂੰ ਸੁਣਾਈ ਤੇ ਤੋੜਾ ਝਾੜਿਆ, "ਉਹਨੇ ਓਹਦੀ ਖਿਚੜੀ ਖਾਧੀ ਤਾਂ ਉਹਦੀ ਪੂਛ ਨੂੰ ਤੱਤਾ ਚਿਮਟਾ ਤਾਂ ਲੱਗਣਾ ਹੀ ਸੀ!" ਪੋਤੀ ਕਹਿੰਦੀ, "ਨਹੀਂ ਮੰਮਾ! ਉਹ ਦੋਵੇਂ ਈ ਰੌਂਗ ਸਨ। ਇੱਕ ਨੇ ਖਿਚਰੀ ਖਾ ਕੇ ਰੌਂਗ ਕੀਤਾ, ਦੂਜੇ ਨੇ ਤੱਤਾ ਚਿਮਤਾ ਲਾ ਕੇ ਰੌਂਗ ਕੀਤਾ।" ਮੈਂ ਹੈਰਾਨ ਰਹਿ ਗਿਆ। ਕੀ ਅੱਜ ਤੱਕ ਕਿਸੇ ਦਾਦੀ ਨੇ ਪੋਤੀ ਨੂੰ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ ਹੋਵੇਗਾ ਜੋ ਕੀਤੀ ਜ਼ਿਆਦਤੀ ਦਾ ਬਦਲਾ ਲੈਣ ਲਈ ਦੂਜੇ ਦੀ ਪੂਛ 'ਤੇ ਤੱਤਾ ਚਿਮਟਾ ਲਾਉਣਾ ਅਸੀਂ ਨਿਆਇਯੁਕਤ ਬਣਾ ਲਿਆ। ਜੇ ਸਾਡੀ ਪਹਿਲੀ ਬਾਤ ਬਦਲਾ ਲੈਣ ਨੂੰ ਨਿਆਇਸੰਗਤ ਠਹਿਰਾਉਂਦੀ ਹੈ ਤਾਂ ਬਦਲਾ ਲੈਣਾ ਸਾਡੀ ਚੇਤਨਾ ਦਾ ਹਿੱਸਾ ਤਾਂ ਬਣਨਾ ਹੀ ਸੀ। ਇਸ ਪਹਿਲੀ ਬਾਤ ਦਾ ਅਸਰ ਜ਼ਾਇਲ ਕਰਨ ਲਈ 'ਖ਼ਿਮਾਂ ਕਰਦੀ' ਕਵਿਤਾ ਨੂੰ ਪੁਸਤਕ ਵਿਚ ਪਹਿਲੀ ਕਵਿਤਾ ਵਜੋਂ ਸ਼ਾਮਲ ਕਰਨਾ ਹੋਰ ਵੀ ਚੰਗੀ ਤਰ੍ਹਾਂ ਸਮਝ ਆ ਗਿਆ ਹੈ।

ਬਦਲਾ ਲੈਣ ਦੀ ਥਾਂ ਅਸੀਂ ਮੁਆਫ਼ ਕਰਨਾ ਕਦੋਂ ਸਿੱਖਾਂਗੇ। ਸਿਰ ਲਾਹੁਣ ਨਾਲੋਂ ਕਿਸੇ ਦੇ ਸਿਰ ਉੱਤੇ ਰੱਖਿਆ ਹੱਥ ਸ਼ਾਇਦ ਗੁਰੂ ਨੂੰ ਜ਼ਿਆਦਾ ਚੰਗਾ ਲੱਗੇ!

ਸ਼ਬਦ ਅਤੇ ਭਗਾਉਤੀ ਦੀ ਪਹਿਲ-ਦੂਜ ਬਦਲਣ ਵਾਲਾ ਦਲੇਰ ਪਰ ਸਹੀ ਕੰਮ ਕਰਨ ਤੋਂ ਬਾਅਦ ਸੁਖਪਾਲ ਸਾਡੇ ਪ੍ਰਚਲਿਤ ਪਰੰਪਰਿਕ ਇਤਿਹਾਸ ਨੂੰ ਇੱਕ ਹੋਰ ਵੱਡਾ ਝਟਕਾ ਦਿੰਦਾ ਹੈ। 'ਸ਼ਹੀਦ' ਹੋਣਾ ਜਾਂ 'ਮਰ ਜਾਣਾ' ਸਾਡੀ ਵੱਡੀ ਕੀਮਤ ਬਣ ਚੁੱਕਾ ਹੈ। ਅਸੀਂ 'ਸ਼ਹੀਦ' ਹੋਣ 'ਤੇ ਮਾਣ ਕਰਦੇ ਹਾਂ। ਅਸੀਂ ਮਰਨਾ ਅੱਗੇ ਕਰਕੇ ਜਿਊਣ ਨੂੰ ਪਿੱਛੇ ਧੱਕ ਦਿੱਤਾ ਹੈ। 'ਮਰਨ' ਦੇ ਰੋਮਾਂਸ ਨੇ ਸਾਡੀ 'ਜਿਊਣ ਦੀ ਆਸ' ਛਡਾ ਛੱਡੀ ਹੈ। ਸਾਡੀਆਂ ਪ੍ਰਾਪਤੀਆਂ ਦੀ ਸੂਚੀ ਵਿਚ ਸਿਖਰਲਾ ਸਿਰਲੇਖ ਸਾਡੀਆਂ 'ਸ਼ਹੀਦੀਆਂ' ਹੀ ਹਨ। ਅਸੀਂ ਸਭ ਨੂੰ ਹੁੱਬ ਕੇ ਆਪਣਾ ਡੁੱਲ੍ਹਾ ਲਹੂ ਵਖਾਉਂਦੇ ਹਾਂ। ਇਸ ਲਹੂ ਨੂੰ ਸੰਭਾਲਣ ਨਾਲ ਸਾਡੀਆਂ ਰਗਾਂ ਵਿਚ ਜਿਹੜੇ ਫੁੱਲ ਮਹਿਕਣੇ ਸਨ, ਜਿਹੜੀਆਂ ਲਗ਼ਰਾਂ ਲਹਿਰਾਉਣੀਆਂ ਸਨ, ਜਿਹੜੀ ਹਰਿਆਵਲ ਦੀ ਚਾਦਰ ਵਿਛਣੀ ਸੀ, ਉਸਤੋਂ ਅਸੀਂ ਅੱਖਾਂ ਮੀਟ ਛੱਡੀਆਂ ਅਤੇ ਸਭ ਕੁਝ ਨੂੰ ਲਹੂ ਵਿਚ ਭਿੱਜ ਜਾਣ ਦਿੱਤਾ। ਸਾਨੂੰ ਪਤਾ ਨਹੀਂ ਲੱਗਦਾ; ਅਸੀਂ ਕਿਸੇ ਹੋਰ ਦੇ ਮੁਫ਼ਾਦ ਲਈ 'ਝਟਕੇ ਜਾ ਰਹੇ ਹਾਂ ਜਾਂ ਝਟਕਾਏ' ਜਾ ਰਹੇ ਹਾਂ; ਸ਼ਹੀਦ

ਨਹੀਂ ਹੋ ਰਹੇ। ਸੁਰੱਖਿਆ ਕਵਚ ਪਹਿਨੀ ਦੂਰ ਪਿੱਛੇ ਸੁਰੱਖਿਅਤ ਬੈਠੇ ਚਾਤਰ ਲੋਕ ਸਾਡੇ ਇਸ ਰੋਮਾਂਚਕ ਜਜ਼ਬੇ ਨੂੰ ਆਪਣੇ ਹਿਤਾਂ ਲਈ ਹਮੇਸ਼ਾ ਵਰਤਦੇ ਆਏ ਹਨ, ਹਮੇਸ਼ਾ ਵਰਤਦੇ ਰਹਿੰਦੇ ਹਨ। ਸਾਡੀਆਂ ਲਾਸ਼ਾਂ 'ਤੇ ਉਹਨਾਂ ਆਪਣੀਆਂ ਕੁਰਸੀਆਂ ਦੇ ਪਾਵੇ ਰੱਖੇ ਹੋਏ ਨੇ।

ਸੁਖਪਾਲ 'ਸ਼ਹੀਦੀ' ਦੇ ਇਸ ਰੋਮਾਂਸ ਦਾ ਉਛਾੜ ਪਾੜ ਦਿੰਦਾ ਹੈ। ਉਹ ਆਪਣੇ ਲਹੂ ਦੀ ਕੀਮਤ ਜਾਣਦਾ ਹੈ। ਇਸ ਨੂੰ ਅੰਜਾਈ ਡੋਲਣ ਦਾ ਵਿਸ਼ਵਾਸੀ ਨਹੀਂ। ਅਜਿਹਾ ਉਹ ਕਿਸੇ ਕਮਜ਼ੋਰੀ ਕਰ ਕੇ ਨਹੀਂ ਕਰਦਾ ਸਗੋਂ ਇਸ ਕਰਕੇ ਕਰਦਾ ਹੈ ਕਿਉਂਕਿ ਉਹ ਮਰਨ ਨਾਲੋਂ ਜਿਊਣ ਨੂੰ ਵਧੇਰੇ ਮਹੱਤਵ ਦਿੰਦਾ ਹੈ। ਉਹ ਜਾਣਦਾ ਹੈ ਕਿ ਗੁਰੂ ਦਾ ਨਾਂ ਲੈ ਕੇ ਮਰ ਜਾਣ ਨਾਲੋਂ, 'ਸਤੀ' ਹੋ ਜਾਣ ਨਾਲੋਂ ਗੁਰੂ ਦੀ ਆਤਮਾ ਨੂੰ ਜਿਊਂਦੀ ਰੱਖਣ ਲਈ ਉਸਦੀ 'ਬ੍ਰਿਹਾ ਦੀ ਚੋਟ ਖਾ ਕੇ ਜਿਊਂਦੇ ਜੀ ਮਰਨ' ਦਾ ਕਾਰਜ ਬਹੁਤ ਔਖਾ ਹੈ। ਉਹ ਔਖੇ ਕੰਮ ਦੀ ਚੋਣ ਕਰਦਾ ਹੈ।

ਸਦੀਆਂ ਤੋਂ ਬਣਾ ਦਿੱਤੀ ਗਈ ਡੂੰਘੀ ਲੀਹ ਨੂੰ ਪਾੜ ਕੇ ਉਸ ਵਿਚੋਂ ਬਾਹਰ ਆਉਣਾ ਅਤੇ ਆਪਣੇ ਛੋਟੇ ਛੋਟੇ ਹੱਥਾਂ ਨਾਲ ਨਿੱਕੇ ਨਿੱਕੇ ਬੁੱਕ ਭਰਕੇ ਸਦੀਆਂ ਤੋਂ ਗੁਰੂ ਦੀਆਂ ਪੈੜਾਂ ਵਿਚ ਭਰ ਗਈ ਰੇਤਾ ਨੂੰ ਬਾਹਰ ਕੱਢ ਕੇ ਉਹਨਾਂ ਨੂੰ ਮੁੜ ਤੋਂ ਨੰਗਿਆ ਕਰਨਾ ਅਤੇ ਫੇਰ 'ਗੁਰੂ ਵਰਗਾ ਬਣਨ ਲਈ' ਉਹਨਾਂ ਪੈੜਾਂ ਉੱਤੇ ਆਪਣੇ ਪੈਰ ਧਰ ਕੇ ਕਿਸੇ ਸਾਥ ਤੋਂ ਬਿਨਾ ਹੌਲੀ ਹੌਲੀ ਤੁਰਨਾ ਕੋਈ ਸੁਖੱਲਾ ਕਾਰਜ ਨਹੀਂ; ਖ਼ਾਸ ਤੌਰ 'ਤੇ ਉਸ ਵੇਲੇ ਜਦੋਂ 'ਗੁਰੂ ਨੂੰ ਆਪਣੇ ਵਰਗਾ ਹੀ ਬਣਾ ਲੈਣ' ਵਾਲਿਆਂ ਦੀ ਭੀੜ ਵੱਲੋਂ ਉਸਨੂੰ 'ਕੁਰਾਹੀਆ' ਕਹਿ ਕੇ ਤ੍ਰਿਸਕਾਰ ਦੇਣ ਅਤੇ 'ਤਨਖ਼ਾਹੀਆ' ਕਰਾਰ ਦੇਣ ਦਾ ਖ਼ਤਰਾ ਹਰ ਵੇਲੇ ਸਿਰ 'ਤੇ ਮੰਡਲਾ ਰਿਹਾ ਹੋਵੇ!

ਪੰਜਾਬ ਦੇ ਵਿਰੂਪਤ ਕਰ ਦਿੱਤੇ ਇਤਿਹਾਸ ਨੂੰ ਸੁਖਪਾਲ ਨੇ ਜਿਵੇਂ ਮੁੜ ਤੋਂ ਪੁਨਰ-ਪਰਿਭਾਸ਼ਿਤ ਕਰ ਕੇ ਨਵਾਂ ਸਰੂਪ ਦਿੱਤਾ ਹੈ, ਇਹ ਉਸਦਾ ਅੱਜ ਲਿਖੀ ਜਾ ਰਹੀ ਕਵਿਤਾ ਦੇ ਸਿਰ ਅਹਿਸਾਨ ਹੈ। ਉਸਨੇ ਸਾਡੇ ਇਤਿਹਾਸ ਨੂੰ ਗਤੀ ਵੀ ਦਿੱਤੀ ਹੈ ਤੇ ਦਿਸ਼ਾ ਵੀ। ਸੱਚ ਬੋਲਣ ਦੀ ਜੁਰਅਤ ਵਾਲਾ ਵਿਰਲਾ ਕਾਰਜ ਕਰ ਕੇ ਜੋਖ਼ਮ ਵੀ ਉਠਾਇਆ ਹੈ।

ਪ੍ਰਤੀਕਰਮ-ਵਿਹੂਣੀ ਸੰਘਣੀ 'ਚੁੱਪ' ਵੇਖ ਕੇ ਉਸਨੂੰ ਬਹੁਤ ਕੋਫ਼ਤ ਹੁੰਦੀ ਹੈ। ਉਸਦੀ ਕਵਿਤਾ 'ਅਜਿਹੀ ਬੇਕਿਰਕ ਚੁੱਪ' ਦੇ ਖ਼ਿਲਾਫ਼ ਵੀ ਐਲਾਨੇ-ਜੰਗ ਹੈ। ਉਸਨੂੰ ਤਾਂ ਅਜਿਹੀ ਚੁੱਪ ਦੀ ਤਲਾਸ਼ ਹੈ ਜੋ ਜੰਗਾਂ ਹਾਰਨ ਤੋਂ ਬਾਅਦ ਵੀ 'ਜ਼ਫ਼ਰਨਾਮਾ' ਲਿਖਣ ਦੀ ਤਾਕਤ ਦਿੰਦੀ ਹੋਵੇ। ਉਹ ਮੰਡੀ ਦੇ ਵਿਸਥਾਰ ਲਈ ਲਾਈਆਂ ਜੰਗਾਂ ਦਾ ਤਾਂ ਵਿਰੋਧੀ ਹੈ ਪਰ ਆਪਣੇ ਅੰਦਰ ਲੱਗੀ ਜੰਗ ਦੇ ਸੇਕ ਨਾਲ ਉਸਦਾ ਅੰਦਰ ਪਾਟਣ ਨੂੰ ਆਉਂਦਾ ਹੈ। ਉਹ ਅਸਮਾਨ ਵੱਲ ਨਜ਼ਰਾਂ ਤੇ ਬਾਹਵਾਂ ਉਠਾ ਕੇ ਵੇਖਣ ਦੀ ਥਾਂ ਚਾਰ-ਚੁਫ਼ੇਰੇ ਖਲੋਤੇ ਗੁੰਗਿਆਂ ਬੋਲਿਆਂ ਵੱਲ ਵੇਖ ਕੇ ਚੀਕਦਾ ਹੈ, 'ਏਨੀ ਕੁਰਲਾਣੀ ਮਾਰ ਪੈਂਦੀ ਵੇਖ ਕੇ ਤੁਹਾਨੂੰ ਦਰਦ ਕਿਉਂ ਨਹੀਂ ਆਉਂਦਾ!' ਉਹ ਇਹ ਵੀ ਪੁੱਛਦਾ ਹੈ ਕਿ ਅੱਜ ਕੱਲ੍ਹ ਬੰਦੇ ਨਾਲੋਂ ਕੁੱਤਾ ਹੋਣਾ ਚੰਗਾ ਕਿਉਂ ਹੋ ਗਿਆ ਹੈ! ਇਹ ਧਰਤੀ 'ਬੰਦਿਆਂ ਦੇ ਰਹਿਣ ਯੋਗ ਕਦੋਂ ਹੋਵੇਗੀ!'

ਇਸ ਧਰਤੀ ਦੇ ਬੰਦਿਆਂ ਦੇ ਰਹਿਣਯੋਗ ਨਾ ਹੋਣ ਪਿੱਛੇ ਇਕ ਵੱਡਾ ਕਾਰਨ ਇਹ ਵੀ ਹੈ ਕਿ ਦੁਨੀਆਂ ਦੀ ਅੱਧੀ ਵਸੋਂ ਔਰਤ ਨੂੰ ਉਸਦੇ 'ਮਾਨਵ' ਹੋਣ ਦੇ ਗੌਰਵ ਤੋਂ ਵਿਰਵਾ ਰੱਖਿਆ ਗਿਆ ਹੈ। ਔਰਤ ਦੀ ਵਸਤੂ-ਹੋਂਦ ਦਾ ਦਿਲ ਛੂਹਵਾਂ ਕਾਵਿਕ-ਬਿਆਨ ਪੁਸਤਕ ਵਿਚ ਥਾਂ ਥਾਂ 'ਤੇ ਅੱਥਰੂਆਂ ਵਾਂਗ ਲਿਸ਼ਕ ਰਿਹਾ ਹੈ।

ਅੱਜ ਜਦੋਂ ਸਾਡੀ ਬਹੁਤੀ ਕਵਿਤਾ ਜਾਂ ਤਾਂ ਬੰਦਿਆਂ ਦੇ 'ਅੰਦਰੀਂ' ਘੁੰਮਦੀ ਫਿਰਦੀ ਹੈ ਜਾਂ 'ਅੰਬਰੀਂ' ਉਡਾਰੀਆਂ ਲਾ ਰਹੀ ਹੈ ਤੇ ਹਾਲਾਤ ਦੀਆਂ ਅੱਖਾਂ ਨਾਲ ਸਿੱਧੀਆਂ ਅੱਖਾਂ ਮਿਲਾਉਣੋਂ ਕਤਰਾ ਰਹੀ ਹੈ ਉਦੋਂ ਸੁਖਪਾਲ ਦੀ ਕਵਿਤਾ ਖ਼ੂੰਖ਼ਾਰ ਬਘਿਆੜਾਂ ਦੀਆਂ ਅੱਖਾਂ ਵਿਚ ਬੇਖ਼ੌਫ਼ ਝਾਕਣ ਦਾ ਜੇਰਾ ਕਰਦੀ ਹੈ; ਉਸਦੇ ਜਬਾੜਿਆਂ ਨੂੰ ਸਿੱਧਾ ਹੱਥ ਪਾਉਂਦੀ ਹੈ।

ਇਹ ਕਵਿਤਾ ਬੰਦੇ ਨੂੰ ਜੜ੍ਹ, ਸੁੰਨ ਅਤੇ ਸੰਵੇਦਨਹੀਣ ਹੋਣ ਤੋਂ ਬਚਾਉਂਦੀ ਹੈ। ਇਹ ਸਥਿਤੀਆਂ ਨੂੰ ਜਿਉਂ ਦੀਆਂ ਤਿਉਂ ਸਿਰ ਝੁਕਾ ਕੇ ਸਵੀਕਾਰਨ ਦੀ ਕਵਿਤਾ ਨਹੀਂ, ਸਗੋਂ ਸਿਰ ਉਠਾ ਕੇ ਲਲਕਾਰਨ ਦੀ ਕਵਿਤਾ ਹੈ। ਇਹ ਪ੍ਰਤੀਰੋਧ ਦੀ ਕਵਿਤਾ ਹੈ, ਰਜ਼ਿਸਟੈਂਸ ਦੀ। ਇਹ ਸਾਧਾਰਨ ਤੇ ਭੈਅ-ਭੀਤ ਹੋਏ ਬੰਦੇ ਨੂੰ ਉਸਦੀ ਲਘੂਤਾ 'ਚੋਂ ਬਾਹਰ ਕੱਢਦੀ ਹੈ; ਉਸਨੂੰ ਹੌਸਲਾ ਦਿੰਦੀ ਹੈ ਕਿ ਉਹ ਬੇਪੱਤ ਹੋਏ ਬੇਬੱਸ ਬੰਦਿਆਂ ਦੇ ਹਿਤ ਲਈ ਵੱਡੀ ਲੜਾਈ ਭਾਵੇਂ ਬੇਸ਼ੱਕ ਨਾ ਲੜੇ ਪਰ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਉਹ ਦੰਦ ਤਾਂ ਪੀਹ ਸਕਦਾ ਹੈ, ਰੋਟੀ ਤਾਂ ਗੁੱਸੇ ਨਾਲ ਚੱਬਾ ਸਕਦਾ ਹੈ, ਚੀਕ ਤਾਂ ਮਾਰ ਸਕਦਾ ਹੈ, ਧੱਕੜਾਂ-ਧਾੜਵੀਆਂ ਦੀ ਧਿਰ ਵਿਚ ਸ਼ਾਮਲ ਹੋਣ ਤੋਂ ਇਨਕਾਰੀ ਤਾਂ ਹੋ ਸਕਦਾ ਹੈ। ਇਸ ਮਕਸਦ ਲਈ ਜੇ ਉਸਨੂੰ ਆਪਣੇ ਬੋਲ ਗਵਾਚ ਗਏ ਲੱਗਦੇ ਹਨ ਜਾਂ

ਉਹ ਉਹਨਾਂ ਨੂੰ 'ਆਪਣੇ' ਕਹਿ ਕੇ ਆਖਣ ਤੋਂ ਡਰ ਲੱਗਦਾ ਹੈ ਤਾਂ ਆਪਣੇ ਵਡੇਰਿਆਂ ਦੇ ਆਖੇ ਬੋਲ ਤਾਂ ਬੋਲ ਹੀ ਸਕਦਾ ਹੈ। । ਉਹ ਵੱਡੀਆਂ ਨਹੀਂ ਤਾਂ ਏਨੀਆਂ ਕੁ ਛੋਟੀਆਂ ਛੋਟੀਆਂ ਲੜਾਈਆਂ ਤਾਂ ਲੜ ਹੀ ਸਕਦਾ ਹੈ! ਛੋਟੀਆਂ ਲੜਾਈਆਂ ਲੜਦਿਆਂ ਆਪੇ ਵੱਡੀਆਂ ਲੜਾਈਆਂ ਲੜਨ ਦੀ ਜਾਚ ਵੀ ਆ ਜਾਂਦੀ ਹੈ ਤੇ ਹੌਸਲਾ ਵੀ। ਇਹ ਕਵਿਤਾ ਸਾਨੂੰ ਹੌਸਲਾ ਵੀ ਦਿੰਦੀ ਹੈ ਤੇ ਲੜਨ ਦੀ ਜਾਚ ਵੀ ਸਿਖਾਉਂਦੀ ਹੈ। ਇਹ ਕਵਿਤਾ ਨਮੋਸ਼ੀ ਵਿਚ ਝੁਕੀਆਂ ਧੌਣਾਂ ਨੂੰ ਸਿੱਧਾ ਤਣ ਕੇ ਖੜੋਣ ਦੀ ਤਾਕਤ ਦਿੰਦੀ ਹੈ। ਸਿਰ ਉਠਾ ਕੇ ਖਲੋਤੀ ਇਸ ਕਵਿਤਾ ਨੂੰ ਅਸੀਂ ਸਿਰ ਉੱਚਾ ਚੁੱਕ ਕੇ ਸਲਾਮ ਆਖਦੇ ਹਾਂ।

# ਕੁੰਜੀਆਂ, ਰਹਣੁ ਕਿਥਾਊ ਨਾਹਿ – ਸੱਜੇ ਪੱਖੀ ਪਰਿਪੇਖ

## -ਉਂਕਾਰਪ੍ਰੀਤ-

(ਨੋਟ: ਇਸ ਲੇਖ ਦਾ ਉਦੇਸ਼ ਸਮਕਾਲੀ ਸਾਹਿਤ ਰਚਨਾ ਚੋਂ 'ਸੱਜੀਆਂ' ਅਤੇ 'ਖੱਬੀਆਂ' ਸੁਰਾਂ ਦੀ ਨਿਸ਼ਾਨਦੇਹੀ ਕਰਨਾ ਅਤੇ ਉਹਨਾਂ ਨੂੰ ਹੋਰ ਸਮਝਣ ਲਈ ਵਿਚਾਰ ਚਰਚਾ ਛੇੜਨਾ ਹੈ। ਇਸ ਲੇਖ ਦਾ ਮਨੋਰਥ 'ਸੱਜੇ ਪੱਖੀ' ਸਾਹਿਤਕ ਖਾਸੇ ਨੂੰ 'ਖੱਬੇ ਪੱਖੀ' ਸੂਝ ਮਾਡਲ ਦੇ ਮੁਕਾਬਲੇ ਵਧੀਆ ਜਾਂ ਘਟੀਆ ਸਿੱਧ ਕਰਨਾ ਨਹੀਂ।)

'ਦ੍ਰਿਸ਼ਟਾਮਾਨ', 'ਅਪੂਰਕਾਂ' ਦਾ ਮਹਾਂ-ਸਮੂਹ ਹੈ। ਹਰ ਹੋਂਦ ਅਪਣੇ ਆਪ ਵਿੱਚ ਅਪੂਰਨ ਹੈ, ਪਰ ਕਿਸੇ ਹੋਰ 'ਅਪੂਰਕ' ਦੀ 'ਪੂਰਕ' ਵੀ। ''ਪਲੈਟੋ'' ਦੀ ਲਿਖਤ ''ਦਾ ਰਿਪਬਲਕ''(ਗਣਰਾਜ) ਨੇ 360ਬੀ ਸੀ ਵਿੱਚ ਸਭ ਤੋਂ ਪਹਿਲਾਂ ਉਸ ਸੰਸਾਰ ਅਤੇ ਉਸਦੇ ਨਿਜ਼ਾਮ ਦੀ ਚਰਚਾ ਛੇੜੀ ਜਿਹੜੀ ਲੇਖਕ/ਚਿੰਤਕ ਦੇ ਮਨ ਦੀ ਹੈ। ਪੂਰਨ ਹੈ। ਖ਼ਾਲਿਸ ਹੈ। 'ਰਹਣੁ ਦੀ ਥਾਂ' ਹੈ। ਇਹ ਚਰਚਾ ''ਯੂਟੋਪੀਏ'' ਵਜੋਂ ਪ੍ਰਚਲਿਤ ਹੋਈ। ''ਯੂਟੋਪੀਆ'' ਜਿੱਥੇ ਉਸ ਥਾਂ ਦੀ ਗੱਲ ਕਰਦਾ ਹੈ ਜਿਹੜੀ ਮਨੁੱਖੀ ਸਭਿਅਤਾ ਦੇ ਰਹਿਣ ਲਈ, ਜੀਣ-ਥੀਣ ਲਈ ਸਭ ਤੋਂ ਉੱਤਮ ਅਤੇ ਇੱਕੋ ਇੱਕ ਹੈ ਉੱਥੇ ''ਡਿਸਟੋਪੀਆ'' ਉਹ ਜਗਾਹ ਹੈ ਜੋ ਲੇਖਕ ਜਾਂ ਚਿੰਤਕ ਦੀ ਨਿੱਜੀ ਹੈ। ਉਸਦੇ ਰਹਿਣ ਦੇ ਯੋਗ ਨਹੀਂ। ਜਿੱਥੇ ਉਸਦਾ ''ਰਹਣੁ'' ਅਸਹਿ ਹੈ।

ਯੂਟੋਪੀਏ ਦਾ ਧੁਰਾ ''ਇੱਛਾ'' ਹੈ। ਡਿਸਟੋਪੀਏ ਦਾ ਧੁਰਾ ਨਿੱਜੀ ਡਰ, ਫਿਕਰ ਅਤੇ ਗ਼ਮ। ਸਮੂਹ ਮਨੁੱਖਤਾ ਲਈ ਚਿਤਵਿਆ ਯੂਟੋਪੀਆ ਅੱਗੇ ਚੱਲ ਕੇ ਧਰਮ, ਸਮਾਜ, ਰਾਜਨੀਤੀ ਆਦਿ ਖੰਡ-ਯੂਟੋਪੀਆਂ ਵਿੱਚ ਵਟਿਆ ਅਤੇ ਨਿੱਜੀ ਹੱਦ ਤੀਕ ਜਾ ਪੁੱਜਾ।

ਯੂਟੋਪੀਏ ਦਾ ਮਨੁੱਖੀ ਸਭਿਅਤਾ ਹਿਤ ਉਦੇਸ਼, ਸਥਾਪਿਤ/ਪ੍ਰਚੱਲਤ ਸਮਾਜ ਪ੍ਰਬੰਧ ਨੂੰ 'ਚਾਰੇ ਕੂੰਟਾਂ' ਚੋਂ ਖਤਮ ਕਰਕੇ ਨਵਾਂ ਨਿਜ਼ਾਮ ਘੜਨਾ ਹੈ। ਪਰ ਇਹ ਸਭ ਜੋਖ਼ਮ ਭਰਿਆ, ਖਤਰਨਾਕ ਅਤੇ ਇਨਕਲਾਬੀ ਕਰਮ ਹੈ। ਤਦ ਹੀ ਸਮੇਂ ਸਮੇਂ ਬਹੁਤ ਸਾਰੇ ਚਿੰਤਕਾਂ, ਲੇਖਕਾਂ, ਕਵੀਆਂ ਅਤੇ ਕਲਾਕਾਰਾਂ ਨੇ ਇਸ ਯੂਟੋਪੀਏ ਨੂੰ ਮਰਨ ਉਪਰੰਤ ਕਿਸੇ ਹੋਰ ਲੋਕ (ਪਰਲੋਕ) ਵਿੱਚ ਸਥਾਪਿਤ ਕੀਤਾ ਹੈ। ਅਤੇ ਇਸ ਬਾਰੇ ਅਪਣੀਆਂ ਲਿਖਤਾਂ ਰਾਹੀਂ 'ਰੁਮਾਂਸਵਾਦ' ਸਿਰਜਿਆ ਹੈ।

ਧਾਰਮਿਕ ਗੁਰੂਆਂ ਨੇ ਇਸਦੇ ਲਈ ਸਵਰਗ ਅਤੇ ਨਰਕ ਦਾ ਸੰਕਲਪ ਸਿਰਜਿਆ ਅਤੇ ਮਨੁੱਖ ਦੀ 'ਚਹੁੰ ਕੂੰਟਾਂ' ਵਿਚਲੀ ਹੋਂਦ ਨੂੰ ਸੁਪਨੇ ਵਜੋਂ ਸਥਾਪਿਤ ਕੀਤਾ। ਉਹਨਾਂ ਅਸਲੀ ਮਨੁੱਖਾ-ਹੋਂਦ ਆਤਮਿਕ ਜਾਂ ਸੂਖਮ ਪੱਧਰ ਤੇ ਹੀ ਕਬੂਲੀ ਹੈ। ਧਰਮ ਨੂੰ ਸਥੂਲ ਦੁਨੀਆ ਕਬੂਲ ਨਹੀਂ। ਤਦ ਹੀ ਜਿੱਥੇ ''ਪਲੈਟੋ'' ਦੇ ਗਣਰਾਜ ਵਿੱਚਲੇ ਸੂਝ ਮਾਡਲ ਦਾ ਨਿਸ਼ਾਨਾ ਬਾਹਰਮੁਖੀ ਸਭਿਅਤਾ ਅਤੇ ਉਸ ਦੇ 'ਰਹੁਣ' ਦੀ ਥਾਂ ਹੈ ਉੱਥੇ ਬਾਬੇ ਫਰੀਦ ਦੀ ਸਤਰ: ''ਚਾਰੇ ਕੁੰਡਾਂ ਢੂੰਡੀਆਂ ਰਹਣੁ ਕਿਥਾਊ ਨਾਹਿ'' ਵਿਚਲਾ ਨਿਸ਼ਾਨਾ ਉਸਦਾ ਨਿੱਜੀ ''ਜੀਅ'' ਹੈ। ਡਿਸਟੋਪੀਆ ਹੈ। ਜਿਸਨੂੰ ਉਹ 'ਆਤਮਿਕ' ਸੰਸਾਰ ਨਾਲ ਜੋੜ ਕੇ ਦੇਖਣ ਦੀ ਕੋਸ਼ਿਸ਼ ਕਰਦਾ ਹੈ।

ਫਰੀਦ ਦਾ ''ਯੂਟੋਪੀਆ'' ਸਵਰਗੀ ਹੈ। ਜੋ ਉਸਦੇ ਰਹਿਣ ਵਾਲੀ ਥਾਂ ਹੈ। ਅਜਿਹੀ ਥਾਂ ਧਰਤੀ ਤੇ ਚਾਰੇ ਦਿਸ਼ਾਵਾਂ 'ਚ ਸੰਭਵ ਨਹੀਂ। ਗੈਬੀ ਹੈ। ਕਿਤੇ ਹੋਰ ਹੈ। ਅਜਿਹੀ ਸਥਿਤੀ 'ਚ ''ਚਾਰੇ ਕੁੰਡਾਂ'' ਦੇ ਅੰਦਰ ਅੰਦਰ ਵਸਦੀਆਂ ਕੁੜੀਆਂ ਸਿਰਫ਼ ਪ੍ਰਾਹੁਣੀਆਂ ਹੀ ਹੋ ਸਕਦੀਆਂ ਹਨ, ਅਤੇ ਪਿੱਛੇ ਮੁੜ ਮੁੜ ਝਾਕਦੀਆਂ ਤੇ ਝੂਰਦੀਆਂ ਹਨ:

''ਕੁੜੀਆਂ ਪ੍ਰਾਹੁਣੀਆਂ ਆਈਆਂ ਨੇ

ਘਰ ਚੋਂ ਢੂੰਡਦੀਆਂ ਹਨ

ਪੁਰਾਣੇ ਨਕਸ਼ ਰੌਲ ਘਚੌਲਾ

ਟੁਣਕਦੀਆਂ ਆਵਾਜ਼ਾਂ

………

ਇਕ ਇਕ ਕਰਕੇ ਪਰਾਹੁਣੀਆਂ ਕੁੜੀਆਂ

ਤੁਰ ਜਾਣਗੀਆਂ

ਹੱਥ ਹਿਲਾਉਂਦੀਆਂ

ਪਿੱਛੇ ਮੁੜ ਮੁੜ ਝਾਕਦੀਆਂ

ਹੱਥ 'ਚ ਫੜੀ ਗੰਢ ਨੂੰ ਸੰਭਾਲਦੀਆਂ

ਦੁਆਵਾਂ ਦਿੰਦੀਆਂ ਖ਼ੈਰ ਮੰਗਦੀਆਂ

ਪ੍ਰਾਹੁਣੀਆਂ ਕੁੜੀਆਂ।" (ਸੁਰਿੰਦਰ ਚਾਹਲ / ਕੁੰਜੀਆਂ / 23)

ਰਾਜੇ, ਡਿਕਟੇਟਰ, ਰਾਜਸੀ ਪ੍ਰਬੰਧ ਤੇ ਕਾਬਜ਼ ਪਾਰਟੀਆਂ ਦੇ ਕਾਰਕੁੰਨ, ਅਤੇ ਧਰਮ-ਗੁਰੂ 'ਜਹਾਨ' ਨੂੰ ਸਬਜ਼ਬਾਗ ਦਿਖਾਉਣ ਲਈ ਜਾਣੇ ਜਾਦੇ ਹਨ। ਇਹ 'ਸਬਜ਼ਬਾਗ' ਮੂਲ ਰੂਪ ਵਿੱਚ "ਯੂਟੋਪੀਏ" ਦੀਆਂ ਹੀ ਪ੍ਰਤੀ-ਧੁਨੀਆਂ ਅਤੇ ਪਰਤੌਂ ਹਨ। 'ਸਟੇਟ' ਅਪਣੀ ਸਥਾਪਤੀ ਦੀ ਲੋੜ 'ਜਹਾਨ' ਦੇ ਵੱਖ ਵੱਖ ਪਹਿਲੂਆਂ ਅਤੇ ਉਹਨਾਂ ਦੇ ਪ੍ਰਤੀਨਿਧਾਂ ਰਾਹੀਂ ਪੂਰੀ ਕਰਦੀ ਹੈ।

'ਯੂਟੋਪੀਆ' ਸੁਚੇਤ ਰੂਪ ਵਿੱਚ ਸੰਪੂਰਨਤਾ ਦੇ ਕਿਸੇ ਇੱਕ ਪੱਖ (ਸਿਆਸੀ, ਸਮਾਜੀ, ਧਾਰਮਿਕ, ਕਲਾਤਮਿਕ) ਦੇ ਕਲਿਆਣ ਦਾ ਸੂਝ-ਮਾਡਲ ਹੈ। ਪਰ ਇਸ ਵਿੱਚ 'ਸਥਾਪਤੀ' ਦੀ ਪਰੋਮੋਸ਼ਨ ਦਾ ਲੁਕਵਾਂ ਏਜੰਡਾ ਨਾਲੋ ਨਾਲ ਚੱਲਦਾ ਹੈ। "ਯੂਟੋਪੀਏ" ਦਾ ਇਹ ਏਜੰਡਾ 'ਸਟੇਟ' ਦੀ ਸਥਾਪਤੀ , ਕਾਰਗਰਤਾ ਅਤੇ ਉਸਦੇ ਵਰਤਾਰਿਆਂ ਨੂੰ ਚਲਾਉਣ ਲਈ ਲੋੜੀਂਦੀ ਪ੍ਰਮੁੱਖ ਅਤੇ ਵੱਡੀ ਤਾਕਤ ਹੈ। ਧਰਮ ਇਸਦਾ ਇੱਕ ਅਹਿਮ ਪਹਿਲੂ ਹੈ।

ਐਲਿਸ ਬਲੈਕਵਿਲ ਦੇ, ਦੂਜੀ ਸੰਸਾਰ ਜੰਗ ਅਧਾਰਿਤ, ਨਿੱਕਚੂ ਜਿਹੇ ਨਾਵਲ "ਹੰਗਰ" ਵਿੱਚ ਇੱਕ ਪਾਤਰ ਨਿੱਕੀ ਜਿਹੀ ਰੂਸੀ ਕੁੜੀ ਹੈ। ਜਿਸਦੇ ਵਿਗਿਆਨੀ ਮਾਂ-ਪਿਉ ਨੂੰ ਜਰਮਨਾਂ ਨੇ ਰੂਸ ਤੇ ਕਬਜ਼ੇ ਦੌਰਾਨ ਬੰਦੀ ਬਣਾ ਲਿਆ ਹੈ। ਕਿਸੇ ਸਮੇਂ ਵੀ ਉਹਨਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਣਾ ਹੈ। ਇਹ ਨਿੱਕੀ ਜਿਹੀ ਕੁੜੀ ਤਰਸ ਵਜੋਂ ਕਿਸੇ ਜਾਣਕਾਰ ਦੀ ਸ਼ਰਨ ਵਿੱਚ ਹੈ ਅਤੇ ਉਸਨੂੰ ਪੁੱਛਦੀ ਹੈ:

"ਜੇ ਮੇਰੇ ਮਾਤਾ ਪਿਤਾ ਮਾਰੇ ਗਏ ਤਾਂ ਮਰਨ ਤੋਂ ਬਾਦ ਉਹ ਕਿੱਥੇ ਚਲੇ ਜਾਣਗੇ?"

ਜੁਆਬ: "ਇਸ ਸੁਆਲ ਦੇ ਕਈ ਜੁਆਬ ਹੋ ਸਕਦੇ ਹਨ। ਲੋਕੀਂ ਇਸ ਬਾਰੇ ਬਹੁਤ ਸਾਰੇ ਵਿਸ਼ਵਾਸ ਰੱਖਦੇ ਹਨ"

ਕੁੜੀ: "ਪਰ ਸਹੀ ਕੌਣ ਹੈ?"

ਜੁਆਬ: "ਇਹ ਨਿਰਭਰ ਹੈ ਕਿ ਉਹ ਕਿੱਥੇ ਰਹਿੰਦੇ ਹਨ ਅਤੇ ਉਹਨਾਂ ਤੇ ਕਿਸਦਾ ਰਾਜ ਹੈ"

ਇਵੇਂ ਪਰਜਾ ਦੇ ਹਰ ਨਿੱਕੇ ਵੱਡੇ ਵਰਤਾਰੇ ਦੀ ਤੰਦ 'ਸਟੇਟ' ਨਾਲ ਜੁੜੀ ਹੁੰਦੀ ਹੈ। ਲੇਖਕ ਅਤੇ ਲਿਖਤ ਇਸ ਤੋਂ ਕਿਵੇ ਵੀ ਮੁਕਤ ਨਹੀਂ, ਸਗੋਂ ਇਸ ਤਾਣੇ ਦੀ ਇਕ ਅਹਿਮ ਤੰਦ ਹਨ। ਤਦ ਹੀ ਜਦ ਕੋਈ ਕਹਿੰਦਾ ਹੈ ਕਿ, "ਮੈਂ ਪੰਜਾਬੀ ਦਾ ਲੇਖਕ ਹਾਂ" ਤਾਂ ਇਹ ਅਪਣੇ ਆਪ ਵਿੱਚ ਇੱਕ 'ਸਿਆਸੀ ਬਿਆਨ' ਹੈ।

"ਅਪੂਰਕਾਂ" ਦੇ ਸਮੂਹ ਇਸ ਤਾਣੇ 'ਚ ਸੱਜੇ-ਪੱਖੀ ਅਤੇ ਖੱਬੇ ਪੱਖੀ ਵਿਚਾਰ ਨਾਲੋ ਨਾਲ ਚੱਲਦੇ ਹਨ। ਸਟੇਟ ਦੀ ਸਥਾਪਤੀ ਦੇ ਏਜੰਡੇ ਦੇ ਹੱਕ 'ਚ ਭੁਗਤੇ ਵਿਚਾਰ ਸੱਜੇ ਪੱਖੀ ਸਾਹਿਤ ਦਾ ਮੂਲ ਹਨ। ਜਦ ਕਿ 'ਅ-ਸਟੇਟ' ਦੇ ਵੱਲ ਰੁਚਿਤ ਵਿਚਾਰਵਾਨ ਖੱਬੇ ਪੱਖੀ ਸਾਹਿਤ ਨੂੰ ਜਨਮ ਦਿੰਦੇ ਹਨ। 'ਅ-ਸਟੇਟ' ਜੋ ਕਿ 'ਸਥਾਪਤੀ' ਵਿੱਚ ਬਦਲਾਅ ਦਾ ਸੰਕਲਪ ਹੈ। ਵੱਢ ਮਾਰਨ ਲਈ ਤਤਪਰ ਹੈ। ਨਵੀਂ ਸਟੇਟ ਦਾ ਸੰਕਲਪ ਹੈ। ਪੋਸਟ ਮਾਡਰਨ ਚਿੰਤਕ ਇਸੇ ਨੂੰ "ਕੰਸਟਰਕਟਿਵ ਡਿਸਟਰਕਸ਼ਨ" ਕਹਿੰਦੇ ਹਨ।

ਨਵੀਂ ਸਟੇਟ ਦੇ ਇਸ ਖੱਬੇ ਪੱਖੀ ਸੰਕਲਪ 'ਚ, 'ਦ੍ਰਿਸ਼ਟਾਮਾਨ' ਨੂੰ 'ਰਹਿਣ ਦੀ ਥਾਂ' ਬਣਾਉਣ ਦੀ ਧੁਨ ਮੂਲ ਊਰਜਾ ਪੈਦਾ ਕਰਦੀ ਹੈ। ਜਦ ਕਿ ਸੱਜੇ ਪੱਖੀ ਸੰਕਲਪ, ਸਥਾਪਿਤ ਸਟੇਟ ਦੇ ਹਿੱਤਾਂ ਲਈ ਹਰ ਪੱਧਰ ਤੇ ਕੋਈ "ਯੂਟੋਪੀਆ" ਸਥਾਪਤ ਕਰਕੇ ਉਸਦੇ ਪੂਜਕ ਪੈਦਾ ਕਰਦੇ ਹਨ। ਅਜਿਹਾ ਕਰਨ ਲਈ ਸੱਜੇ-ਪੱਖੀਆਂ ਨੂੰ ਹਰ ਪੱਧਰ ਤੇ ਇੱਕ "ਲੌਬੀ / ਜੁੰਡਲੀ" ਦੀ ਲੋੜ ਹੁੰਦੀ ਹੈ।

ਵੱਡੇ ਰਾਜਸੀ ਕੈਨਵਸ ਤੇ "ਪੂੰਜੀਵਾਦ" ਅਤੇ ਉਸਦੇ ਲੌਬੀਇਸਟ ਨਾਟੋ ਅਤੇ ਜੀ-੮ ਵਰਗੇ ਹਨ। ਧਾਰਮਿਕ ਪੱਧਰ ਤੇ ਜਥੇਦਾਰ, ਮੁੱਲਾਂ, ਮਹੰਤ, ਪਾਦਰੀ ਆਦਿ। ਸਾਹਿਤ ਦੇ ਸੰਦਰਭ ਵਿੱਚ ਇਸੇ "ਲੌਬੀ" ਦੀ ਇਕ ਸੂਖਮ ਤੰਦ ਵਜੋਂ "ਰਹਣੁ ਕਿਥਾਊ ਨਾਹਿ" ਦੇ ਪੰਨਾ 7 ਤੇ ਛਪੀ ਲਿਸਟ ਵਰਗੇ ਮਾਹਿਰ ਪੇਸ਼ ਪੇਸ਼ ਰਹਿੰਦੇ ਹਨ। ਜੋ ਕਿਸੇ ਕਵੀ/ਲੇਖਕ ਚੋਂ:

- 'ਅਕਵਿਤਾ' ਪੁਣ ਸੁੱਟਦੇ ਹਨ
- ਉਸਨੂੰ ਅਪਣੀ ਹੀ ਰਚਨਾ ਚੋਂ ਦਖ਼ਲ ਦੇਣ ਤੋਂ ਰੋਕਦੇ ਹਨ
- ਵਾਕ ਬਣਤਰ ਸਿਖਾਉਂਦੇ ਹਨ
- ਕਿਤਾਬ ਦਾ ਨਾਂ ਰੱਖਦੇ ਹਨ
- ਮੁਖਬੰਦ, ਪਿੱਠਬੰਦ ਲਿਖਦੇ ਹਨ
- ਕਿਤਾਬ ਦੀ ਪ੍ਰਮੋਸ਼ਨ ਲਈ ਲੇਖ ਲਿਖਦੇ/ਲਿਖਾਉਂਦੇ ਹਨ
- 'ਓਪੀਨਅਨ ਪੋਲ' ਦੇ ਜੁਗਾੜ ਲਾਉਂਦੇ ਹਨ

ਅਜਿਹੀ ਮਾਹਿਰ ਲੌਬੀ ਨਾਲ ਲੈਸ ਹੁੰਦਿਆਂ ਪੁਸਤਕਾਂ ਛੇਤੀਂ ਹੀ 'ਮੰਡੀ' ਵਿੱਚ ਵਰ੍ਹੇ ਦੀਆਂ ਪ੍ਰਮੁੱਖ ਵਜੋਂ ਸਥਾਪਿਤ ਹੋ ਜਾਦੀਆਂ ਹਨ। ਘੜੇ ਜਾਣ ਤੋਂ ਕੁਝ ਹਫ਼ਤਿਆਂ ਮਗਰੋਂ ਹੀ, 'ਕਲਾਸਿਕ' ਰਚਨਾਵਾਂ ਦੇ ਬੈਜ ਲਾ ਕੇ ਘੁੰਮਣ ਲੱਗਦੀਆਂ ਹਨ। ਮਹਿੰਗੀਆਂ ਸ਼ੈਲਫਾਂ ਤੇ ਟਿਕ ਜਾਂਦੀਆਂ ਹਨ। ਫ਼ਿਰ ਸਹਿਜੇ ਹੀ 'ਸਟੇਟ' ਤੋਂ 'ਵਾਕਾਰੀ-ਪੁਰਸਕਾਰ' ਲੈਣ ਦੀ ਕਤਾਰ 'ਚ ਲੱਗ ਜਾਂਦੀਆਂ ਹਨ। ਬਕੌਲ ਜਸਵੰਤ ਦੀਦ: "ਲਾਈਨ 'ਚ ਲੱਗੇ ਰਹੋ ਤਾਂ ਕੜਾਹ-ਪ੍ਰਸ਼ਾਦਿ ਮਿਲ ਹੀ ਜਾਂਦਾ ਹੈ।" ਸਥਾਪਤੀ ਦਾ ਇਹ ਸਾਰਾ ਵਰਤਾਰਾ 'ਸੱਜੇ ਪੱਖੀ' ਵਿਚਾਰਧਾਰਾ ਦਾ ਖਾਸਾ ਹੈ।

ਇਸ ਲੇਖ ਦੀਆਂ ਪ੍ਰੇਰਨਾ ਸਰੋਤ ਦੋਵੇਂ ਪੁਸਤਕਾਂ ''ਰਹਣੁ ਕਿਥਾਊ ਨਾਹਿ'' ਅਤੇ ''ਕੁੰਜੀਆਂ'' ਦੋਹਾਂ ਵਿੱਚਲਾ ''ਯੂਟੋਪੀਆ'' ਸਪੱਸ਼ਟ ਰੂਪ ਵਿੱਚ ਸਟੇਟ ਵੱਲ ਦਾ ਹੈ। 'ਅ-ਸਟੇਟ' ਦਾ ਨਹੀਂ। ਸਥਾਪਤੀ ਦਾ ਹੈ। ਸਥਾਪਿਤ ਵਹਾਅ 'ਚ ਵੱਢ ਮਾਰਨ ਦਾ ਨਹੀਂ। ਰੁਮਾਂਸਵਾਦੀ ਹੈ। ਸਮਾਜਵਾਦੀ ਨਹੀਂ ਹੋ ਸਕਦਾ। ਜਿੱਥੇ ਸੁਰਿੰਦਰ ਚਾਹਲ ਅਪਣੀ ਨਿਕੜੀ ਜਿਹੀ ਪੁਸਤਕ ਵਿੱਚ, ਪ੍ਰਾਹੁਣੀਆਂ, ਜਿੰਦਗੀ, ਮਨਫੀ, ਮੇਰੀ ਥਾਂ, ਸਰਦਲ ਤੇ ਖੜੀਆਂ...ਅਤੇ ਹੋਰ ਕਵਿਤਾਵਾਂ ਰਾਹੀਂ ਸੁਚੇਤ/ਅਚੇਤ ਪੂਰੀ ਇਮਾਨਦਾਰੀ ਨਾਲ ਸੱਜੇ ਪੱਖੀ ਵਿਚਾਰਧਾਰਾ ਨੂੰ ਪ੍ਰਪੱਕ ਕਰਦੀ ਹੈ ਉਥੇ ਸੁਖਪਾਲ ਦੀ ਵੱਡ-ਆਕਾਰੀ ਪੁਸਤਕ ਵੀ ਇਸੇ ਵਿਚਾਰਧਾਰਾ ਦੀ ਪ੍ਰਧਾਨ ਸੁਰ ਵਜੋਂ ਉਭਰਦੀ ਹੈ।

ਕੁੰਜੀਆਂ ਦੀ ਪਿੱਠ ਤੇ ਛਪੇ ਅਮਰਜੀਤ ਚੰਦਨ ਦੇ ਪ੍ਰਮਾਣਿਕ ਫਤਵੇ ਮੁਤਾਬਿਕ:

- ਕੁੰਜੀਆਂ ਵਿਚਲੀ ਕਵਿਤਾ 'ਸੁਧੀ ਕਵਿਤਾ' ਹੈ
- ਸਰਦਲ ਤੋਂ ਬਾਹਰ ਦੀ ਕਵਿਤਾ ਹੈ ਜੋ ਪੰਜਾਬੀ ਵਿੱਚ ਦੁਰਲੱਭ ਹੈ
- 'ਪ੍ਰਾਹੁਣੀਆਂ' ਕਵਿਤਾ ਕਲਾਸਿਕ ਹੈ

ਪਰ ਉਪਰੋਕਤ ਤਿੰਨੇ ਬਿਆਨਾਂ ਨੂੰ 'ਸਥਾਪਤੀ ਸਰਟੀਫਿਕੇਟ' ਦੇਣ ਦੀ ਮਜ਼ਬੂਰੀ ਤੋਂ ਹੱਟ ਕੇ ਵਾਚੀਏ ਤਾਂ ਇਹ ਆਪੋ ਆਪ ਵਿੱਚ ਹਾਸੋਹੀਣੇ ਵਿਚਾਰ ਹਨ। ਕਵਿਤਾ ਦੇ ਸੰਦਰਭ ਵਿੱਚ ਅਕਾਵਿਕ। ਸਾਹਿਤ ਦੇ ਸੰਦਰਭ ਵਿੱਚ ਅ-ਸਾਹਿਤਕ। ਕਿਉਂਕਿ:

- 'ਸੁਧੀ ਕਵਿਤਾ' ਕਦੇ ਵੀ ਲਿਖਤੀ ਰੂਪ 'ਚ ਸੰਭਵ ਨਹੀਂ। ਕਵਿਤਾ, ਸਾਹਿਤ ਦੇ ਸੰਦਰਭ ਵਿੱਚ 'ਦੂਜੈਲੀ ਸਿਰਜਣਾ ਹੈ'। ਹਰ ਲਿਖੀ ਕਵਿਤਾ 'ਆਖੰਡ/ਸੁਧੀ ਕਵਿਤਾ' ਨਾਲ ਜੁੜਨ ਲਈ ਸੁਝਾਇਆ ਇਕ ਸੰਕੇਤ ਹੈ। 'ਵੱਡੇ ਕਵੀ' ਵੀ ਉਸ ਵੱਲ ਮਹਿਜ਼ ਇਸ਼ਾਰੇ ਹੀ ਕਰ ਸਕਦੇ ਹਨ। ਸੁਧੀ ਕਵਿਤਾ ਨਹੀਂ ਰਚ ਸਕਦੇ। ਸੁਧੀ ਕਵਿਤਾ 'ਮਹਿਸੂਸਣ' ਦੀ ਸ਼ੈਅ ਹੈ। ਲਿਖਣ, ਛਾਪਣ ਦੇ ਤਰੱਦਦ ਵਿੱਚ ਇਹ ਸੰਭਵ ਨਹੀਂ। ਕਿਉਂਕਿ ਓਥੇ ਹਾਲੇ ਬਹੁਤ ਕੁਝ ਆਕਾਵਿਕ ਵਾਪਰ ਰਿਹਾ ਹੁੰਦਾ ਹੈ। ਖੰਡਿਤ ਹੋ ਰਿਹਾ ਹੁੰਦਾ ਹੈ।
- ਕੁੰਜੀਆਂ ਦੀ ਸਾਰੀ ਕਵਿਤਾ 'ਬੀਤੇ ਦੀ ਸਰਦਲ' ਦਾ ਵਿਗੋਚਾ ਹੈ। 'ਪ੍ਰਾਹੁਣੀਆਂ' ਤਦ ਹੀ ਪ੍ਰਾਹੁਣੀਆਂ ਹਨ ਕਿਉਂਕਿ ਉਹ ਹੁਣ ਉਸ ਸਰਦਲ ਦੇ ਅੰਦਰ ਨਹੀਂ ਵਸਦੀਆਂ ਜਿਸ ਅੰਦਰ ਉਹ ਕਦੇ ਵਸਦੀਆਂ ਸਨ। ਹਾਲੇ ਵੀ ਓਥੇ ਵਸਣਾ ਚਾਹੁੰਦੀਆਂ ਹਨ। ਡੂੰਘੇ ਮਾਨਸਿਕ ਤਲ ਤੇ ਉਹ ਸਰਦਲ ਤੋਂ ਮੁਕਤ ਨਹੀਂ। ਬਾਹਰ ਨਹੀਂ। ਸਗੋਂ ਸਰਦਲ ਦੇ ਅੰਦਰ ਹੀ ਜੀਣ ਥੀਣ ਦੀ ਸਿਕ ਨਾਲ ਓਤਪੋਤ ਹਨ। ਵਿਆਹੀਆਂ ਵਰੀਆਂ ਜਾਣ ਮਗਰੋਂ ਵੀ ਉਹਨਾਂ ਦਾ ਮਨਇੱਛਤ ਯੂਟੋਪੀਆ ਬਾਬਲ ਦੀ ਸਰਦਲ ਦੇ ਅੰਦਰ ਕਾਇਮ ਹੈ।
- ਕਿਸੇ ਸਮਕਾਲੀ ਰਚਨਾ ਨੂੰ 'ਕਲਾਸਿਕ' ਕਹਿਣਾ, ਸਾਹਿਤਕ ਸੂਝ ਦੇ ਸੰਦਰਭ ਵਿੱਚ ਉਂਝ ਹੀ 'ਅਨਪੜ੍ਹਤਾ' ਦੀ ਨਿਸ਼ਾਨੀ ਹੈ। ਕਿਉਂਕਿ ਕਿਸੇ ਰਚਨਾ ਦੇ ਕਲਾਸਿਕ ਹੋਣ ਦਾ ਫੈਸਲਾ ਕਿਸੇ ਇਕ ਸਮਕਾਲੀ 'ਸਿਆਣੇ' ਨੇ ਨਹੀਂ ਕਰਨਾ ਹੁੰਦਾ ਸਗੋਂ ਸਮੇਂ ਨੇ ਕਰਨਾ ਹੁੰਦਾ ਹੈ। ਕਿਸੇ ਰਚਨਾ ਵਿਚਲੇ 'ਕਲਾਸਿਕ' ਲੱਛਣ ਅਸਲ ਵਿੱਚ ਸਮੇਂ ਦੇ ਚੇਤੇ ਵਿੱਚ ਪੁੰਗਰਦੇ ਹਨ ਅਤੇ ਪੁੰਗਰਨੇ ਹੁੰਦੇ ਹਨ।

ਸੁਖਪਾਲ, ਅਪਣੀਆਂ ਕਵਿਤਾਵਾਂ ਅਤੇ ਲੇਖਾਂ 'ਚ ਵਾਪਰ ਰਹੇ ਜਾਂ ਵਾਪਰ ਚੁੱਕੇ ਬਾਰੇ "ਖਬਰਾਂ" ਵਾਂਗ ਵਿਚਾਰ ਪੇਸ਼ ਕਰਦਾ ਹੈ। ਅੰਕੜੇ, ਤਾਰੀਖਾਂ, ਭਾਵੁਕ ਕਰਨੀਆਂ ਤਸਵੀਰਾਂ ਸਮੇਤ। "ਪੰਜਾਬ", "ਅਕਾਲ ਤਖਤ", "ਗੁਜਰਾਤ", "ਕਸ਼ਮੀਰ", "ਹਾਸ਼ਮੀ", "ਇਰਾਕ", "ਆਮ ਬੰਦਾ" 'ਚ ਉਹ "ਆਮ" ਦੇ ਸਥਾਪਿਤ /ਪ੍ਰਚੱਲਿਤ ਬਿੰਬਾਂ ਨੂੰ ਹੀ ਦੁਹਰਾਉਂਦਾ ਹੈ। ਜਾਂ ਪੁਨਰ ਸਥਾਪਿਤ ਕਰਦਾ ਹੈ:

"ਉਹ ਆਮ ਬੰਦਾ ਹੈ

ਉਹ ਨਿਰਾਸ ਹੈ

ਰਾਜਨੀਤੀ ਤੋਂ

ਅਪਣੀ ਜੇਬ ਤੋਂ

ਬੱਚਿਆਂ ਦੇ ਭਵਿੱਖ ਤੋਂ

ਅਖ਼ਬਾਰ ਵਿੱਚ ਛਪੀਆਂ ਖਬਰਾਂ ਤੋਂ

ਕੁਝ ਵੀ ਨਾ ਬਦਲ ਸਕਣ ਦੀ ਬੇਬਸੀ ਤੋਂ

ਉਸਦੀ ਨਿਰਾਸਤਾ ਦਾ ਕੋਈ ਮੁੱਲ ਨਹੀਂ

ਇਸੇ ਕਰਕੇ ਉਹ ਬੰਦਾ ਆਮ ਹੈ।" (ਰਹਣੁ ਕਿਥਾਊ ਨਾਹਿ / 89)

ਸੁਖਪਾਲ ਇਸ "ਆਮ" ਦੇ ਹੱਕ 'ਚ "ਆਮ-ਪ੍ਰਚੱਲਿਤ" ਜਾਂ "ਆਮ-ਸਥਾਪਿਤ" ਜਿਹੀ ਕੂਕ/ਚੀਕ ਮਾਰਦਾ ਹੈ ਅਤੇ ਕਹਿੰਦਾ ਹੈ:

"ਕੀ ਕੂਕ ਜਾਂ ਚੀਕ ਮਾਰਨ ਨਾਲ ਕੁਝ ਬਦਲੇਗਾ? ਮੈਂ ਇਸ ਗੱਲ ਤੇ ਕੇਂਦਰਿਤ ਨਹੀਂ..." (ਰਹਣੁ ਕਿਥਾਊ ਨਾਹਿ / 15)

ਫ਼ਿਰ ਅੱਗੇ ਚੱਲਕੇ ਇੱਕ ਹੋਰ ਜਗਾਹ ਸਪੱਸ਼ਟ ਕਰਦਾ ਹੈ:

"ਜਦ ਸਰਬਤ ਦਾ ਭਲਾ ਹੋਵੇਗਾ , ਸਾਡਾ ਭਲਾ ਆਪੇ ਹੀ ਹੋ ਜਾਵੇਗਾ..." (ਰਹਣੁ ਕਿਥਾਊ ਨਾਹਿ / 56)

ਅਜਿਹਾ ਕਰ ਕੇ ਉਹ ‘‘ਸੁਰਖੁਰੂ’’ ਹੋਇਆ ਮਹਿਸੂਸ ਕਰਦਾ ਹੈ:

‘‘ਇਹ ਪੁਸਤਕ ਜਿਸ ਮੈਨੂੰ ਸੁਰਖੁਰੂ ਕੀਤਾ’’ (ਰਹਣੁ ਕਿਥਾਊ ਨਾਹਿ / 7)

ਸੁਖਪਾਲ ਦਾ ‘‘ਆਮ ਬੰਦਾ’’ ਉਸਦੀਆਂ ‘‘ਖ਼ਬਰਾਂ’’ ਵਰਗੀਆਂ ਲਿਖ਼ਤਾਂ ਪੜ੍ਹਦਾ ਹੈ। ਭਾਵੁਕ ਹੁੰਦਾ ਹੈ। ਤਤੀਰੀਆਂ ਵਗਦੀਆਂ ਹਨ। ਭਾਣਾ ਮੰਨਣ ‘ਚ ਹੋਰ ਪਰਪੱਕ ਹੁੰਦਾ ਹੈ। ਵੈਟੀਕਨ ਦਾ ਪੋਪ ਅਤੇ ਗੁਰਦੁਆਰਿਆਂ ‘ਚ ‘‘ਜਗਾਧਰੀ ਵਾਲੇ’’ ਕੀਰਤਨੀਏ ਵੀ ਇਵੇਂ ਹੀ ਉਸਦੀਆਂ ਤਤੀਰੀਆਂ ਵਹਾਉਂਦੇ ਹਨ। ਬੀ.ਬੀ.ਸੀ ਜਾਂ ਸੀ.ਐਨ.ਐਨ ਤੇ ਵੀ ਇਹੋ ਕੁਝ ਹੈ। ਸਨਸਨੀਖੇਜ਼ ਖਬਰਾਂ। ਆਮ ਬੰਦੇ ਦੀ ਤ੍ਰਾਸਦੀ ਦੀਆਂ ਡਾਕੂਮੈਂਟਰੀਆਂ। ਫਿਰ ਅਜਿਹੀਆਂ ਡਾਕੂਮੈਂਟਰੀਆਂ ਜਾਂ ਫਿਲਮਾਂ ਬਣਾਉਣ ਵਾਲੇ ਸਟੇਟ ਦੀ ਸ਼ਾਬਾਸ਼ ਭਾਲਦੇ ਹਨ। ‘‘ਦੀਪਾ ਮਹਿਤਾ’’ ਹਾਲੀਵੁੱਡ ਦੇ ਸ਼ਹਿਰ ਵਿੱਚ ਲਿਮੋਜ਼ੀਨ ‘ਚ ਬੈਠੀ ਕਿਸੇ ‘‘ਆਸਕਰ ਕਮੇਟੀਏ’’ ਨਾਲ ਜੁਗਾੜ ਲਾਉਂਦੀ ਫਿਰਦੀ ਹੈ। ਭਾਰਤ ਦੀਆਂ ਝੁੱਗੀਆਂ ਝੌਂਪੜੀਆਂ ‘ਚ ‘ਰਹਣੁ ਦੀ ਥਾਂ’ ਲੱਭਦੇ ‘‘ਆਮ ਬੰਦਿਆਂ’’ ਨੂੰ ‘‘ਕੁੱਤੇ’’ ਕਹੇ ਜਾਣ ਤੇ ‘ਗੁਲਜ਼ਾਰ’ ਵਰਗੇ ਸਥਾਪਿਤ ‘ਪਦਮ ਸ੍ਰੀ ਲੇਖਕਾਂ’ ਨੂੰ ਕੁਝ ਨਹੀਂ ਹੁੰਦਾ। ਸੰਗੀਤਕਾਰ ਏ.ਰਹਿਮਾਨ ਦੀ ਕੋਈ ਸੁਰ ਨਹੀਂ ਕੰਬਦੀ। ਉਹ ਸ਼ਾਇਦ ਸੁਖਪਾਲ ਵਾਂਗ ਇਸ ਗੱਲ ਤੇ ਕੇਂਦਰਿਤ ਨਹੀਂ। ਉਹਨਾ ਦੀ ਸੁਰਤ ਦਾ ਕੇਂਦਰ ਤਾਂ ‘‘ਸਲੱਮਡਾਗ ਮਿਲੀਅਨਰ’’ ਫ਼ਿਲਮ ਲਈ ‘‘ਆਸਕਰ’’ ਅਵਾਰਡ ਲੈਣ ਤੇ ਫੋਕਸ ਹੈ।

ਇਸ ‘‘ਆਮ’’ ਬੰਦੇ ਲਈ ਅਗਲੇ ਦਿਨ ਹੋਰ ਖ਼ਬਰਾਂ ਹਨ। ਉਹ ਮੁੜ ਖ਼ਬਰਾਂ ਸੁਣਦਾ ਹੈ। ਨੀਝ ਲਾਉਂਦਾ ਹੈ। ‘‘ਪੂੰਜੀਵਾਦੀ’’ ਮੀਡੀਏ ਦੇ ਜੰਗਲ ‘ਚ ਚੈਨਲ ਦਰ ਚੈਨਲ / ਕਿਤਾਬ ਦਰ ਕਿਤਾਬ ਭਟਕਦਾ ਹੈ। ਇਸ ਆਸ ਨਾਲ ਕਿ ਸ਼ਾਇਦ ਉਸਦੇ ਰਾਤੀਂ ਸੁੱਤੇ ਸੁੱਤੇ ‘‘ਸਰਬਤ ਦਾ ਭਲਾ’’ ਹੋ ਗਿਆ ਹੋਵੇ।

ਸੱਜੇ ਪੱਖੀ ਵਿਚਾਰਧਾਰਾ ਦੀ ਹੋਂਦ, ਵਲਗਣ ਅਤੇ ਖੇਤਰ ਏਨਾ ਹੀ ਹੁੰਦਾ ਹੈ। ਸੁਖਪਾਲ ਦੀ ਕਿਤਾਬ ਅਪਣੇ ਉਸ ਪ੍ਰਾਪਤ ਅਧਿਕਾਰ ਅਤੇ ਫ਼ਰਜ਼ ਦੇ ਪੂਰੀ ਤਰਾਂ ਘੇਰੇ ਦੇ ਅੰਦਰ ਅੰਦਰ ਹੀ ਉਗਮਦੀ ਅਤੇ ਬਿਨਸਦੀ ਹੈ।

ਸਥਾਪਤੀ ਨੂੰ ‘ਬੀਬੇ ਰਾਣੇ’ ਕੂਕਾਂ ਮਾਰਨ ਵਾਲੇ ਬੜੇ ਰਾਸ ਆਉਂਦੇ ਹਨ। ਜਿਹਨਾਂ ਦੇ ਮੋਢਿਆਂ ਤੇ ਸਥਾਪਤੀ ਵਲੋਂ ‘ਨਿਰਪੱਖਤਾ’, ‘ਲੋਕ ਹਿਤਕਾਰੀ’, ‘ਵਿਚਾਰਾਂ ਨੂੰ ਆਜ਼ਾਦੀ ਨਾਲ ਪ੍ਰਗਟ ਕਰਨ ਦੀ ਥਾਂ’, ਅਤੇ ‘ਲੋਕਤੰਤਰ’ ਵਰਗੇ ਦਾਅਵਿਆਂ ਦੇ ਝੰਡੇ ਝੂਲਦੇ ਰਹਿੰਦੇ ਹਨ। ਜਿਹਨਾਂ ਦੀ ਆੜ ਵਿੱਚ ਸਟੇਟ ਜਨਤਾ ਨੂੰ ਇਹ ‘ਕਨਵਿੰਸ’ ਕਰਦੀ ਹੈ ਕਿ ਜੇ ਕੋਈ ਨੁਕਸ ਹੈ ਤਾਂ ਉਹ ਲੋਕਾਂ ਦੇ ਨਿਜ਼ਾਮ ਨੂੰ ਨਾ ਅਪਣਾ ਸਕਣ ‘ਚ ਹੈ। ਮਿਸਾਲ ਵਜੋਂ: ਜੇਕਰ ਗਲੀ, ਮੁਹੱਲੇ, ਨਗਰ, ਸ਼ਹਿਰ ਚੋਂ ਕੂੜਾ ਕਰਕਟ ਹਟਾਉਣ ਦਾ ਪ੍ਰਬੰਧ ਨਹੀਂ ਤਾਂ ਉਸ ਲਈ ਸਟੇਟ ਜ਼ੁੰਮੇਵਾਰ ਨਹੀਂ, ਲੋਕ ਹਨ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰ ਨੂੰ ਟੈਕਸ ਵੀ ਕਟਾਉਣ ਅਤੇ ਨਗਰ ਦੇ ਕੂੜੇ ਲਈ ‘‘ਢੋਲ’’ ਵੀ ਖੁਦ ਪੈਸੇ ਇਕੱਠੇ ਕਰਕੇ ਖਰੀਦਣ। ਵਿਹਲੇ ਬੰਦੇ ਲੱਭਣ ਜੋ ਸਾਰਾ ਕੂੜਾ ‘‘ਸੇਵਾ’’ ਵਜੋਂ ਇਕੱਠਾ ਕਰਨ ਅਤੇ ਸ਼ਹਿਰ ਤੋਂ ਬਾਹਰ ਜਾ ਕੇ ਸੁੱਟ ਕੇ ਵੀ ਆਉਣ। (ਰਹਣੁ ਕਿਥਾਊ ਨਾਹਿ/162) ਸੁਖਪਾਲ ਇਸ ਪੁਸਤਕ ‘ਚ ਅਜਿਹੀਆਂ ਦਲੀਲਾਂ ਥਾਂ ਥਾਂ ਤੇ ਪੇਸ਼ ਕਰਦਾ ਹੈ।

ਜਿਵੇਂ 'ਕੁੰਜੀਆਂ'  ਦੀ ਕਵਿਤਾ 'ਪ੍ਰਾਹੁਣੀਆਂ' ਸਥਾਪਤੀ ਨੂੰ ਪ੍ਰਪੱਕ ਕਰਦੀ ਹੈ, ਅ-ਸਥਾਪਤੀ ਤੋਂ ਤ੍ਰਹਿੰਦੀ ਹੈ, ਉਵੇਂ ਹੀ ਸੁਖਪਾਲ ਦੀ ਪੁਸਤਕ ਤੇ ਪਿੱਠਬੰਦ ਵਜੋਂ ਪੇਸ਼ ਕਵਿਤਾ ''ਕੰਬਣੀ'' ਉਸਦੀ 'ਸੱਜੇ ਪੱਖੀ' ਵਿਚਾਰਧਾਰਾ ਤੇ 'ਅਡੋਲ' ਮੋਹਰ ਹੈ:

''ਕੰਬ ਰਿਹਾ ਹੈ

ਉਹ ਹੱਥ

ਜੋ ਕਵਿਤਾ ਲਿਖ ਰਿਹਾ ਹੈ

ਉਹ ਅੱਥਰੂ

ਜੋ ਕਵਿਤਾ ਤੱਕ ਰਿਹਾ ਹੈ

ਉਹ ਹਿਰਦਾ

ਜਿਸਦੀ ਇਹ ਪੀੜਾ ਹੈ

ਕਵਿਤਾ ਅਡੋਲ ਹੈ''

ਇਸ ਨਿੱਕੀ ਜਿਹੀ ਪਰ ਅਹਿਮ ਕਵਿਤਾ ਦੇ ਸੰਦਰਭ ਵਿੱਚ ਕਿਸੇ ਦੇ ਇਹ ਪ੍ਰਸ਼ਨ ਪੁੱਛਣੇ ਕਿ:


- ਫਿਰ ਅਜਿਹੀ ਕਵਿਤਾ ਕੰਬ ਰਹੇ ''ਹੱਥ'' ਦੀ ਕੀ ਲੱਗਦੀ ਹੈ?
- ''ਅੱਥਰੂ'' ਦੀ ਕੀ ਲੱਗਦੀ ਹੈ?
- ''ਹਿਰਦੇ'' ਦੀ ਕੀ ਲੱਗਦੀ ਹੈ?
- ''ਕਵਿਤਾ'' ਦੀ ਕੀ ਲੱਗਦੀ ਹੈ?

ਸਟੇਟ ਦੀ ਭਾਸ਼ਾ 'ਚ ਬਿਲਕੁਲ ''ਗੈਰ-ਕਾਨੂੰਨੀ'' ਹਨ। ਸੱਜੇ ਪੱਖੀ ਵਿਚਾਰਧਾਰਾ ਨਾਲ ਅ-ਸਬੰਧਤ ਹਨ। ਇਹ ਪੁੱਛਣ ਵਾਂਗ ਹਨ ਕਿ 'ਸੇਬ, ਕੇਲਾ ਕਿਉਂ ਨਹੀਂ'?

ਕਿਉਂਕਿ ਜਿੱਥੇ ਜਾ ਕੇ ਹੱਥ, ਅੱਥਰੂ, ਅਤੇ ਹਿਰਦੇ ਦੇ ਕਾਂਬੇ ਨਾਲ “ਕਵਿਤਾ” ਵੀ ਕੰਬਣ ਲੱਗਦੀ ਹੈ, ਉੱਥੇ ਕਵੀ ਜਾਂ ‘ਰਹਣੁ ਵਾਲੇ’ ਫ਼ਿਰ ‘ਆਮ ਚੀਕਾਂ ਜਾਂ ਕੂਕਾਂ’ ਮਾਰਕੇ ਸੁਰਖ਼ੂਰੂ ਨਹੀਂ ਹੁੰਦੇ। ਸਗੋਂ ‘ਬਦਲਾਅ’ ਤੇ ਕੇਂਦਰਿਤ ਹੁੰਦੇ ਹਨ। ਉੱਥੇ ਕਵਿਤਾ ਲਈ “ਥਾਂ” ਬਣਾਉਣ ਲਈ ਨਿਕਲ ਤੁਰਦੇ ਹਨ ਜਿੱਥੇ ‘ਥਾਂ ਖੁੱਸਣ’ ਕਾਰਨ ਉਹ ਕੰਬ ਰਹੀ ਹੈ। ਪਰ ਉੱਥੋਂ ‘ਖੱਬੇ ਪੱਖੀ’ ਵਿਚਾਰਧਾਰਾ ਸ਼ੂਰੂ ਹੁੰਦੀ ਹੈ।




**ਕਵੀ ਦਰਬਾਰ ‘ਚ ਕਵਿਤਾ ਪੇਸ਼ ਕਰਦੇ: ਨਵਤੇਜ ਭਾਰਤੀ**




**ਕਵੀ ਦਰਬਾਰ ‘ਚ ਕਵਿਤਾ ਪੇਸ਼ ਕਰਦੇ: ਗੁਰਦੇਵ ਚੌਹਾਨ**